


ਸੱਚ ਤੇ ਨਿਡਰ ਆਵਾਜ਼

ਰੋਜ਼ਾਨਾ **ਲੋਕ ਬਾਣੀ**

ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ

99155-94111

ਜਲੰਧਰ

Email : Lokbani08@gmail.com ਸ਼ੁੱਕਰਵਾਰ, 12 ਮਈ 2023 ਮੁੱਖ ਸੰਪਾਦਕ:-ਅਮਨ ਮਹਿਰਾ

RNI .PUNPUN/29016/2008 ਸਾਲ 15 | ਅੰਕ 128 | ਮੁੱਲ 5ਰੁਪਏ | ਕੁੱਲ ਪੇਜ਼ 10 | ਫੈਕਸ: 0181-2211009,99155-94111

# ਘਰ ਵਿੱਚ ਲੱਗੀ ਅੱਗ 7 ਜੀਆਂ ਦੀ ਹੋਈ ਮੌਤ

ਕੁਸ਼ੀਨਗਰ (ਲੋਕ ਬਾਣੀ) ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ ਜ਼ਿਲ੍ਹੇ ਵਿੱਚ ਭਿਆਨਕ ਅੱਗ ਲੱਗਣ ਕਾਰਨ ਪਰਿਵਾਰ ਦੇ ਸੱਤ ਜੀਅ ਝੁਲਸ ਗਏ. ਪੀੜਤਾਂ ਵਿੱਚ ਚਾਰ ਨਾਬਾਲਗ ਲੜਕੀਆਂ, ਉਨ੍ਹਾਂ ਦੀ ਮਾਂ ਅਤੇ ਦਾਦਾ-ਦਾਦੀ ਸ਼ਾਮਲ ਹਨ। ਔਰਤ ਅਤੇ ਉਸ ਦੀਆਂ ਚਾਰ ਬੇਟੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਉਸ ਦੀ ਵੱਡੀ ਬੇਟੀ (8) ਨੂੰ ਪੁਲੀਸ ਨੇ ਬਚਾਅ ਲਿਆ। ਬਜ਼ੁਰਗ ਜੋੜੇ ਨੂੰ ਜ਼ਖ਼ਮੀ ਹਾਲਤ 'ਚ ਸਥਾਨਕ ਹਸਪਤਾਲ ਲਿਜਾਇਆ ਗਿਆ, ਜਿਥੇ ਇਲਾਜ ਦੌਰਾਨ ਸੜ ਕੇ ਦਮ ਤੋੜ ਦਿੱਤਾ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਸਥਾਨਕ ਲੋਕਾਂ ਦਾ ਕਹਿਣਾ ਹੈ



ਕਿ ਖਾਣਾ ਬਣਾਉਣ ਤੋਂ ਬਾਅਦ ਮਿੱਟੀ ਦੇ ਤੰਦੂਰ ਨੂੰ ਠੀਕ ਤਰ੍ਹਾਂ ਨਾਲ ਨਹੀਂ ਬੁਝਾਇਆ ਗਿਆ ਸੀ। ਅੱਗ ਦੀਆਂ ਲਪਟਾਂ ਕਾਰਨ ਪਿੰਡ ਵਾਸੀਆਂ 'ਚ ਦਹਿਸ਼ਤ ਫੈਲ ਗਈ, ਜਿਨ੍ਹਾਂ ਨੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਸਥਾਨਕ ਲੋਕਾਂ ਮੁਤਾਬਕ ਅੱਗ ਬੁਝਾਊ ਕਰਮਚਾਰੀ ਸਮੇਂ ਸਿਰ ਮੌਕੇ 'ਤੇ ਨਹੀਂ ਪਹੁੰਚੇ। ਹਾਲਾਂਕਿ, ਕੁਸ਼ੀਨਗਰ ਦੇ ਜ਼ਿਲ੍ਹਾ ਮੈਜਿਸਟਰੇਟ ਰਮੇਸ਼ ਰੰਜਨ, ਐਸਪੀ ਧਵਲ ਜੈਸਵਾਲ ਦੇ ਨਾਲ ਮੌਕੇ 'ਤੇ ਪਹੁੰਚੇ। ਸੀਨੀਅਰ ਪੁਲਿਸ ਅਧਿਕਾਰੀਆਂ ਨੇ ਬਚਾਅ ਕਾਰਜ ਦੀ ਨਿਗਰਾਨੀ ਕੀਤੀ। ਇਸ ਹਾਦਸੇ ਦਾ ਨੋਟਿਸ ਲੈਂਦਿਆਂ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਹਰੇਕ ਮ੍ਰਿਤਕ ਲਈ 4 ਲੱਖ ਰੁਪਏ ਐਕਸ-ਗ੍ਰੇਸ਼ੀਆ ਦੇਣ ਦਾ ਐਲਾਨ ਕੀਤਾ, ਜੋ ਕਿ ਵਾਰਸਾਂ ਨੂੰ ਦਿੱਤੇ ਜਾਣਗੇ। ਉਨ੍ਹਾਂ ਅਧਿਕਾਰੀਆਂ ਨੂੰ ਪਰਿਵਾਰ ਦੇ ਮੈਂਬਰਾਂ ਦੀ ਹਰ ਤਰ੍ਹਾਂ ਦੀ ਸਹਾਇਤਾ ਕਰਨ ਦੇ ਨਿਰਦੇਸ਼ ਦਿੱਤੇ। ਐਸਪੀ ਧਵਲ ਜੈਸਵਾਲ ਅਨੁਸਾਰ ਅੱਗ ਲੱਗਣ ਦੇ ਕਾਰਨਾਂ ਦੀ ਪਛਾਣ ਕਰਨ ਲਈ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪਿਤਾ ਸ਼ੋਹਰਤ ਆਟੋ ਡਰਾਈਵਰ ਹੈ। ਘਟਨਾ ਵੇਲੇ ਉਹ ਬਾਜ਼ਾਰ ਵਿੱਚ ਸੀ।

# ਅਮ੍ਰਿਤਸਰ ਧਮਾਕੇ ਮਾਮਲੇ ਵਿੱਚ ਵਿਅਕਤੀਆਂ ਨੂੰ ਕਾਬੂ ਕਰ ਸ਼ੋਮਣੀ ਕਮੇਟੀ ਨੇ ਪੁਲਿਸ ਹੁਵਾਲੇ ਕੀਤਾ


ਅਮ੍ਰਿਤਸਰ (ਬਾਠ) ਇਥੇ ਦਰਬਾਰ ਸਾਹਿਬ ਸਮੂਹ ਵਿਖੇ ਸ੍ਰੀ ਗੁਰੂ ਰਾਮਦਾਸ ਸਰਾਂ ਦੇ ਪਿਛਲੇ ਪਾਸੇ ਗਲਿਆਰੇ ਵਿੱਚ ਹੋਏ ਧਮਾਕੇ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਤਿੰਨ ਵਿਅਕਤੀਆਂ ਨੂੰ ਕਾਬੂ ਕਰਕੇ ਪੁਲੀਸ ਦੇ ਹਵਾਲੇ ਕੀਤਾ ਹੈ। ਇਸ ਦਾ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਉਨ੍ਹਾਂ ਨੇ ਮੀਡੀਆ ਨੂੰ ਦੱਸਿਆ ਕਿ ਦਰਬਾਰ ਸਾਹਿਬ ਵਿਚਲੇ ਸੀਸੀਟੀਵੀ ਕੈਮਰਿਆਂ ਰਾਹੀਂ ਨਿਗਰਾਨੀ ਕਰ ਰਹੀ ਟੀਮ ਦੀ ਚੌਕਸੀ ਕਾਰਨ ਇਹ ਵਿਅਕਤੀ ਕਾਬੂ ਕੀਤੇ ਗਏ ਹਨ। ਧਮਾਕਾ ਹੋਣ ਤੋਂ ਬਾਅਦ ਟੀਮ ਨੇ ਸੀਸੀਟੀਵੀ ਕੈਮਰਿਆਂ ਰਾਹੀਂ ਘਟਨਾ ਦਾ ਪਤਾ ਲਾਇਆ।

# ਬੱਚਿਆਂ ਨੂੰ ਤੇਜ਼ ਰਫ਼ਤਾਰ ਕਾਰ ਨੇ ਦਰੜਿਆ, 3 ਬੱਚਿਆਂ ਦੀ ਹੋਈ ਮੌਤ

ਆਗਰਾ (ਲੋਕ ਬਾਣੀ) ਆਗਰਾ ਵਿਚ ਵੀਰਵਾਰ ਸਵੇਰੇ ਇਕ ਦਰਦਨਾਕ ਹਾਦਸਾ ਵਾਪਰਿਆ। ਇਥੇ ਇਕ ਤੇਜ਼ ਰਫ਼ਤਾਰ ਕਾਰ ਨੇ ਸਕੂਲ ਦੇ 6 ਬੱਚਿਆਂ ਨੂੰ ਟੱਕਰ ਮਾਰ ਦਿਤੀ। ਹਾਦਸੇ ਵਿਚ ਤਿੰਨ ਬੱਚਿਆਂ ਦੀ ਮੌਤ ਹੋ ਗਈ। ਜਦਕਿ 4 ਜ਼ਖ਼ਮੀ ਹਨ। ਇਨ੍ਹਾਂ 'ਚੋ ਇਕ ਬੱਚੀ ਵੈਂਟੀਲੈਂਟਰ 'ਤੇ ਹੈ। ਮੌਕੇ 'ਤੇ 2-3 ਬੱਚਿਆਂ ਨੇ ਭੱਜ ਕੇ ਅਪਣੀ ਜਾਨ ਬਚਾਈ। ਘਟਨਾ ਤੋਂ ਬਾਅਦ ਗੁੱਸੇ 'ਚ ਆਏ ਪਿੰਡ ਵਾਸੀਆਂ ਨੇ ਫਤਿਹਾਬਾਦ-ਆਗਰਾ ਰੋਡ 'ਤੇ ਜਾਮ ਲਗਾ ਦਿਤਾ। ਚਸ਼ਮਦੀਦਾਂ ਮੁਤਾਬਕ ਬੱਚੇ ਵੀਰਵਾਰ ਸਵੇਰੇ 8 ਵਜੇ ਸਕੂਲ ਬੱਸ ਦੀ ਉਡੀਕ ਕਰ ਰਹੇ ਸਨ। ਉਦੋਂ ਤੇਜ਼ ਰਫ਼ਤਾਰ ਨੈਕਸਨ ਕਾਰ ਬੇਕਾਬੂ ਹੋ ਕੇ ਆਈ ਅਤੇ ਸੜਕ ਕਿਨਾਰੇ ਖੜ੍ਹੇ ਬੱਚਿਆਂ ਨੂੰ ਲਤਾੜਦੀ ਹੋਈ ਚਲੀ ਗਈ। 6 ਬੱਚੇ ਕਾਰ ਦੀ ਲਪੇਟ ਵਿਚ ਆ ਗਏ।

# ਇਮਰਾਨ ਖਾਨ ਦੀ ਰਿਹਾਈ ਲਈ ਸਰਕਾਰ ਨੂੰ ਦਿੱਤੇ ਆਦੇਸ਼

ਇਸਲਾਮਾਬਾਦ (ਲੋਕ ਬਾਣੀ) ਪਾਕਿਸਤਾਨ ਦੀ ਸੁਪਰੀਮ ਕੋਰਟ ਨੇ ਇਮਰਾਨ ਖ਼ਾਨ ਨੂੰ ਅੱਜ ਵੱਡੀ ਰਾਹਤ ਦਿੰਦਿਆਂ ਸਾਬਕਾ ਪ੍ਰਧਾਨ ਮੰਤਰੀ ਦੀ ਗ੍ਰਿਫ਼ਤਾਰੀ ਨੂੰ 'ਗੈਰਕਾਨੂੰਨੀ' ਐਲਾਨ ਦਿੱਤਾ ਹੈ। ਸਿਖਰਲੀ ਕੋਰਟ ਨੇ ਖ਼ਾਨ ਨੂੰ ਫੌਰੀ ਰਿਹਾਅ ਕਰਨ ਦੇ ਹੁਕਮ ਦਿੱਤੇ ਹਨ। ਚੀਫ਼ ਜਸਟਿਸ ਉਮਰ ਅਤਾ



ਬੰਡਿਆਲ, ਜਸਟਿਸ ਮੁਹੰਮਦ ਅਲੀ ਮਜ਼ਹਰ ਤੇ ਜਸਟਿਸ ਅਤਹਰ ਮਿਨਅੱਲ੍ਹਾ ਦੀ ਸ਼ਮੂਲੀਅਤ ਵਾਲੇ ਤਿੰਨ ਮੈਂਬਰੀ ਬੈਂਚ ਨੇ ਉਪਰੋਕਤ ਫੈਸਲਾ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੇ ਚੇਅਰਮੈਨ (ਇਮਰਾਨ ਖ਼ਾਨ) ਦੀ ਪਟੀਸ਼ਨ 'ਤੇ ਸੁਣਾਇਆ ਹੈ।

# ਸਕੂਲ ਵਿੱਚ ਟੀਕੇ ਲੱਗਣ ਤੋਂ ਬਾਅਦ ਲੜਕੀਆਂ ਦੀ ਸਿਹਤ ਹੋਈ ਖਰਾਬ

ਲੁਧਿਆਣਾ (ਸੁਖਚੈਨ ਮਹਿਰਾ) ਸਥਾਨਕ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ 'ਚ ਉਸ ਸਮੇਂ ਹਫ਼ੜਾ ਦਫ਼ੜੀ ਦੀ ਸਥਿਤੀ ਪੈਦਾ ਹੋ ਗਈ। ਜਦੋਂ ਸਿਵਲ ਹਸਪਤਾਲ ਮਾਛੀਵਾੜਾ ਦੀ ਇਕ ਸਿਹਤ ਟੀਮ ਵਲੋਂ ਕੰਨਿਆ ਸਕੂਲ ਦੀਆਂ ਵਿਦਿਆਰਥਣਾਂ ਨੂੰ ਲਗਾਏ ਗਏ ਟੈਟਨਸ ਦੇ ਟੀਕਿਆਂ ਤੋ ਬਾਅਦ ਕਰੀਬ ਅੱਧੀ ਦਰਜਨ ਤੋ ਵੀ ਵੱਧ ਵਿਦਿਆਰਥਣਾਂ ਦੀ ਸਿਹਤ ਵਿਗੜ ਗਈ, ਜਿਨ੍ਹਾਂ ਨੂੰ ਫੋਰੀ ਤੌਰ 'ਤੇ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ, ਜਿੱਥੇ ਕਈ ਘੰਟਿਆਂ ਦੇ ਇਲਾਜ ਤੋ ਬਾਅਦ ਉਨ੍ਹਾਂ ਦੀ ਹਾਲਤ 'ਚ ਸੁਧਾਰ ਹੋ ਸਕਿਆ ਤੇ ਫ਼ਿਲਹਾਲ ਵਿਦਿਆਰਥਣਾਂ ਖ਼ਤਰੇ ਤੋ ਬਾਹਰ ਹਨ।




# ਪੰਜਾਬ ਦੇ ਮਸ਼ਹੂਰ ਡੇਰੇ ਤੇ ਹੋਇਆ ਕਤਲ

ਠੱਠੀ ਭਾਈ (ਲੋਕ ਬਾਣੀ) ਮੋਗਾ ਜ਼ਿਲ੍ਹੇ ਦੇ ਪੁਲਿਸ ਥਾਣਾ ਸਮਾਲਸਰ ਹੇਠਲੇ ਪਿੰਡ ਸੇਖਾ ਕਲਾਂ ਦੀ ਹੱਦ 'ਚ ਕਹਿੰਦੀ ਬਾਰ-ਬਾਰ ਖੇਤਾਂ 'ਚ ਸਥਿਤ ਸ਼ਰਾਬ ਦੇ ਚੜਾਵੇ ਵਾਲੇ ਬਾਬਾ ਰੁੱਖੜ ਦਾਸ ਦੇ ਸਥਾਨ 'ਤੇ ਗਏ 70 ਸਾਲਾ ਬਜ਼ੁਰਗ ਦਾ ਸ਼ੱਕੀ ਹਾਲਾਤ 'ਚ ਕਤਲ ਕੀਤੇ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਅਨੁਸਾਰ ਇਹ ਬਜ਼ੁਰਗ ਸਾਧੂ ਸਿੰਘ ਪੁੱਤਰ ਪ੍ਰੀਤਮ ਸਿੰਘ ਜੋ ਇਸ ਸਥਾਨ 'ਤੇ ਅਕਸਰ ਸੇਵਾ ਕਰਿਆ ਕਰਦਾ ਸੀ। ਮ੍ਰਿਤਕ ਬਜ਼ੁਰਗ ਸਾਧੂ ਸਿੰਘ ਦੇ ਪਰਿਵਾਰਕ ਮੈਂਬਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਹਿਲਾਂ ਦੀ ਤਰ੍ਹਾਂ ਬੀਤੀ ਰਾਤ ਵੀ ਇਸ ਸਥਾਨ 'ਤੇ ਗਿਆ ਸੀ, ਜਿਸ ਦੀ ਮੌਤ ਦਾ ਉਨ੍ਹਾਂ ਨੂੰ ਅੱਜ ਦੁਪਹਿਰ ਤੋਂ ਬਾਅਦ ਲੋਕਾਂ ਤੋਂ ਪਤਾ ਲੱਗਿਆ। ਇਸ ਕਤਲ ਦੀ ਜਾਣਕਾਰੀ ਪੁਲਿਸ ਨੂੰ ਵੀ ਦੁਪਹਿਰ ਤੋਂ ਬਾਅਦ ਮਿਲਣ ਉਪਰੰਤ ਉਨ੍ਹਾਂ ਕਾਰਵਾਈ ਕਰਦਿਆਂ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਖੰਘਾਲਣ ਤੋਂ ਬਾਅਦ ਉਕਤ ਕਥਿਤ ਦੋਸ਼ੀਆਂ ਖ਼ਿਲਾਫ਼ ਕਾਰਵਾਈ ਲਈ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ। ਪੁਲਿਸ ਨੇ ਦੱਸਿਆ ਕਿ ਕਥਿਤ ਦੋਸ਼ੀ ਅਜੇ ਫ਼ਰਾਰ ਹਨ।

# ਹੱਜ ਤੇ ਜਾਣ ਵਾਲੇ ਯਾਤਰੀਆਂ ਲਈ ਲੱਗਾ ਸਿਖਲਾਈ ਕੈਂਪ

ਮਲੇਰਕੋਟਲਾ (ਲੋਕ ਬਾਣੀ) ਪੰਜਾਬ ਭਰ ਦੇ ਮੁਸਲਿਮ ਭਾਈਚਾਰੇ ਦੇ ਲੋਕਾਂ ਦੀ ਪਵਿੱਤਰ ਹੱਜ ਯਾਤਰੂਆਂ ਲਈ ਹੱਜ ਕਮੇਟੀ ਆਫ ਇੰਡੀਆ ਦੀ ਸਰਪ੍ਰਸਤੀ ਅਤੇ ਪੰਜਾਬ ਸਰਕਾਰ ਦੀ ਸਟੇਟ ਹੱਜ ਕਮੇਟੀ ਦੀ ਅਗਵਾਈ 'ਚ ਸਾਊਦੀ ਅਰਬ ਵਿਖੇ ਜਾਣ ਵਾਲੇ ਹੱਜ ਯਾਤਰੂਆਂ ਦਾ ਪੰਜਾਬ ਦੇ ਤਬਲੀਗੀ ਮਰਕਜ਼ ਵਿਖੇ ਉਲਮਾਂ ਇਕਰਾਮ ਦੀ ਸਰਪ੍ਰਸਤੀ ਹੇਠ ਤਿੰਨ ਦਿਨਾਂ ਟ੍ਰੇਨਿੰਗ ਕੈਂਪ ਮਦਨੀ ਮਰਕਜ਼ ਮਾਲੇਰਕੋਟਲਾ ਵਿਖੇ 12 ਮਈ ਦਿਨ ਸ਼ੁੱਕਰਵਾਰ ਜੁਮਾ ਤੋਂ ਸ਼ੁਰੂ ਹੋਵੇਗਾ ਜਿਸ ਵਿਚ ਪੰਜਾਬ ਭਰ ਦੇ ਸਾਰੇ ਹਾਜੀਆਂ ਨੂੰ ਪਹੁੰਚਣ ਦੀ ਹਦਾਇਤ ਕੀਤੀ ਗਈ ਹੈ ।

# ਸਰਕਾਰ ਖਿਲਾਫ ਕੀਤੀ ਬਾਜਵਾ ਨੇ ਪ੍ਰੈੱਸ ਕਾਨਫਰੰਸ

ਜਲੰਧਰ (ਹਰਬੰਸ ਬਿੱਟੂ) ਪ੍ਰਤਾਪ ਸਿੰਘ ਬਾਜਵਾ ਵਲੋਂ ਅੱਜ ਜਲੰਧਰ 'ਚ ਪ੍ਰੈੱਸ ਕਾਨਫ਼ਰੰਸ ਕੀਤੀ ਗਈ। ਪ੍ਰੈੱਸ ਕਾਨਫ਼ਰੰਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਆਮ ਆਦਮੀ



ਪਾਰਟੀ ਨੇ ਜ਼ਿਮਨੀ ਚੋਣ ਦੇ ਚੱਲਦਿਆਂ ਜਿਸ ਤਰ੍ਹਾਂ ਸਿਆਸਤ ਕੀਤੀ ਹੈ ਪਿਛਲੇ 2 ਦਿਨਾਂ 'ਚ ਉਸ ਦੀ ਅਸੀਂ ਨਿਖੇਧੀ ਕਰਦੇ ਹਾਂ। ਉਨ੍ਹਾਂ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਦੀ ਹਦਾਇਤ ਦੀ ਉਲੰਘਣਾ ਕੀਤਾ ਗਈ ਹੈ।

JSDC GROUP

ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

82880 21797
82880 21798

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018

WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ

JSDC GROUP - INDIA

# ਜ਼ਿਲ੍ਹਾ ਪ੍ਰਸ਼ਾਸਨ ਵਲੋਂ ਆਬਾਦ ਸੰਜੀਵਨੀ ਮੈਡੀਕਲ ਕੈਂਪਾਂ ਜਰੀਏ ਸਰਹੱਦੀ ਇਲਾਕੇ ਦੇ ਵਸਨੀਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਮੁਫ਼ਤ ਮੈਡੀਕਲ ਸੇਵਾਵਾਂ

## ਰੋਜ਼ਾਨਾਂ ਵੱਖ-ਵੱਖ ਸਰਹੱਦੀ ਪਿੰਡਾਂ ਵਿੱਚ ਲੱਗ ਰਹੇ ਅਬਾਦ ਸੰਜੀਵਨੀ ਮੈਡੀਕਲ ਕੈਂਪ - ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ


ਗੁਰਦਾਸਪੁਰ (ਨਵਨੀਤ ਕੁਮਾਰ) ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਹੱਦੀ ਖੇਤਰ ਦੇ ਲੋਕਾਂ ਦੀ ਸਹੂਲਤ ਅਤੇ ਸਰਬਪੱਖੀ ਵਿਕਾਸ ਲਈ ਚਲਾਏ ਜਾ ਰਹੇ 'ਮਿਸ਼ਨ ਅਬਾਦ' ਤਹਿਤ ਜ਼ਿਲਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵੱਲੋਂ ਸਰਹੱਦੀ ਪਿੰਡਾਂ ਵਿੱਚ 'ਅਬਾਦ ਸੰਜੀਵਨੀ ਮੈਡੀਕਲ ਕੈਂਪ' ਲਗਾ ਕੇ ਲੋਕਾਂ ਨੂੰ ਮੁਫ਼ਤ ਮੈਡੀਕਲ ਸੇਵਾਵਾਂ ਦੇਣ ਦਾ ਸਿਲਸਲਾ ਲਗਾਤਾਰ ਜਾਰੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲਾ ਪ੍ਰਸ਼ਾਸਨ ਤੇ ਰੈੱਡ ਕਰਾਸ ਸੁਸਾਇਟੀ ਵੱਲੋਂ ਰੋਜ਼ਾਨਾਂ ਸਰਹੱਦੀ ਪਿੰਡਾਂ ਵਿੱਚ 'ਅਬਾਦ ਸੰਜੀਵਨੀ ਮੈਡੀਕਲ ਕੈਂਪ' ਲਗਾਏ ਜਾਂਦੇ ਹਨ, ਜਿਨਾਂ ਵਿੱਚ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੈਡੀਕਲ ਚੈੱਕਅਪ ਕਰਕੇ ਉਨਾਂ ਨੂੰ ਮੁਫ਼ਤ




ਦਵਾਈ ਦਿੱਤੀ ਜਾਂਦੀ ਹੈ। ਉਨਾਂ ਕਿਹਾ ਕਿ 'ਅਬਾਦ ਸੰਜੀਵਨੀ ਕੈਂਪ' ਦਾ ਸਭ ਤੋਂ ਵੱਧ ਲਾਭ ਬਜ਼ੁਰਗਾਂ, ਬੱਚਿਆਂ ਅਤੇ ਬਿਮਾਰਾਂ ਨੂੰ ਪਹੁੰਚ ਰਿਹਾ ਹੈ ਜੋ ਆਪਣੇ ਪਿੰਡਾਂ ਤੋਂ ਦੂਰ ਸਥਿਤ ਸ਼ਹਿਰ ਦੇ ਹਸਪਤਾਲ ਵਿੱਚ ਦਵਾਈ ਲੈਣ ਨਹੀਂ ਜਾ ਸਕਦੇ। ਉਨਾਂ ਕਿਹਾ ਕਿ ਇਨਾਂ ਮੈਡੀਕਲ ਕੈਂਪਾਂ ਜਰੀਏ ਜਿਥੇ ਸਰਹੱਦੀ ਇਲਾਕੇ ਦੇ ਲੋਕਾਂ ਦੇ ਸਮੇਂ ਤੇ ਪੈਸੇ ਦੀ ਬਚਤ ਹੋ ਰਹੀ ਹੈ ਓਥੇ ਲੋਕਾਂ ਨੂੰ ਉਨਾਂ ਦੇ ਪਿੰਡ ਹੀ ਮਿਆਰੀ ਸਿਹਤ ਸੇਵਾਵਾਂ ਮਿਲ ਰਹੀਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਰਹੱਦੀ ਪਿੰਡਾਂ ਵਿੱਚ 'ਅਬਾਦ ਸੰਜੀਵਨੀ ਮੈਡੀਕਲ ਕੈਂਪ' ਲਗਾਉਣ ਦਾ ਪ੍ਰੋਗਰਾਮ ਹਫ਼ਤਾ ਪਹਿਲਾਂ ਤਿਆਰ ਕਰ ਲਿਆ ਜਾਂਦਾ ਹੈ ਅਤੇ ਸਬੰਧਤ ਪਿੰਡਾਂ ਵਿੱਚ ਇਨਾਂ ਕੈਂਪਾਂ ਸਬੰਧੀ ਮੁਨਾਦੀ ਕਰਵਾ ਦਿੱਤੀ ਜਾਂਦੀ ਹੈ ਤਾਂ ਜੋ ਪਿੰਡਾਂ ਵਾਸੀਆਂ ਨੂੰ ਇਨਾਂ ਕੈਂਪਾਂ ਬਾਰੇ ਪਹਿਲਾਂ ਹੀ ਪਤਾ ਲੱਗ ਸਕੇ। ਉਨਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲਾ ਪ੍ਰਸ਼ਾਸਨ ਵੱਲੋਂ ਲੋਕਾਂ ਦੀਆਂ ਦੁੱਖ-ਤਕਲੀਫਾਂ ਦੂਰ ਕਰਨ ਲਈ ਵਚਨਬੱਧ ਹੈ।

# ਰੇਹੜੀ,ਫੜੀ ਵਾਲੇ ਵਸੂਲੀ ਸੰਬੰਧੀ ਬੋਲਣ ਤੋਂ ਕਰ ਰਹੇ ਗੁਰੇਜ਼

ਲੁਧਿਆਣਾ (ਸੁਖਚੈਨ ਮਹਿਰਾ)ਜਲੰਧਰ ਬਾਈਪਾਸ ਸਬਜ਼ੀ ਮੰਡੀ ਵਿੱਚ ਕੁੱਝ ਸਮਾਂ ਪਹਿਲਾਂ ਨਾਜਾਇਜ ਵਸੂਲੀ ਨੂੰ ਲੈਕੇ ਆਰੋਪ ਮੜ੍ਹੇ ਜਾਂਦੇ ਰਹੇ।ਮਾਰਕੀਟ ਕਮੇਟੀ ਦੀ ਦਖਲਅੰਦਾਜੀ ਨਾਲ ਵਸੂਲੀ ਤੇ ਨੱਥ ਪਾਉਣ ਦੀ ਕੋਸ਼ਿਸ਼ ਕੀਤੀ ਗਈ।ਜਿਸਨੂੰ ਲੈਕੇ ਮਾਰਕੀਟ ਕਮੇਟੀ ਅਧਿਕਾਰੀਆਂ ਵੱਲੋਂ ਮੀਟਿੰਗ ਕਰ ਸੁਪਰਵਾਈਜ਼ਰਾਂ ਤੋਂ ਪਰਚੀ ਕਟਵਾਈ ਗਈ।ਜੋ ਕਰੀਬ ਦੋ ਦਿੰਨ ਚੱਲਣ ਮਗਰੋਂ ਬੰਦ ਹੋ ਗਈ।ਹੁਣ ਮੌਜੂਦਾ ਸਮੇਂ ਮੁਤਾਬਕ ਮੁੜ ਤੋਂ ਰੇਹੜੀ ਫੜੀ ਲਗਾਉਣ ਵਜੋਂ 40ਰੁਪਏ ਦੀ ਥਾਂ150ਰੁਪਏ ਮੁੜ ਤੋਂ ਲਏ ਜਾਣ ਦੇ ਬਾਰੇ ਬੋਲਿਆ ਜ਼ਾ ਰਿਹਾ ਹੈ।ਜਦੋਂ ਇਸ ਸੰਬੰਧੀ ਰੇਹੜੀ ਫੜੀ ਵਾਲਿਆਂ ਨੂੰ ਪੁੱਛਿਆ ਤਾਂ ਉਨ੍ਹਾਂ ਪਰਚੀ ਦਿਖਾਉਂਦੀਆਂ ਕਿਹਾ ਕਿ ਸਾਡੀ ਫੋਟੋ ਨਾ ਲਵੋ।ਨਹੀਂ ਤਾਂ ਕੁੱਝ ਲੋਕ ਬਾਹਰ ਰੇਹੜੀ ਫੜੀ ਨਹੀਂ ਲਗਾਉਣ ਦੇਣਗੇ।ਜਿਸ ਕਾਰਨ ਉਹ ਬੋਲਣ ਤੋਂ ਗੁਰੇਜ਼ ਕਰਦੇ ਦਿਖਾਈ ਦਿੰਦੇ ਹਨ।ਹੁਣ ਇਹ ਆਉਣ ਵਾਲਾ ਸਮਾਂ ਦੱਸੇਗਾ ਕਿ ਇਹਨਾਂ




ਗਰੀਬਾਂ ਦੇ ਹੱਕ ਵਿੱਚ ਕਦੋਂ ਮਾਰਕੀਟ ਕਮੇਟੀ ਜਾਗੇਗੀ।ਦੂਜੇ ਪਾਸੇ ਹਾਲਾਂਕਿ ਬਾਹਰ ਫੁੱਟਪਾਥ ਤੇ ਲੱਗੀ ਰੇਹੜੀ ਫੜੀ ਕਾਰਨ ਜਾਮ ਵੀ ਅਕਸਰ ਲੱਗਦੇ ਰਹਿੰਦੇ ਹਨ।ਪਰ ਮਾਰਕੀਟ ਕਮੇਟੀ ਇਸ ਵੱਲ ਧਿਆਨ ਦੇਣ ਦੀ ਥਾਂ ਆਪਣਾ ਰਾਗ ਅਲਾਪ ਰਹੇ ਹਨ।
ਬਿਆਨ:ਜਦੋਂ ਇਸ ਸੰਬੰਧੀ ਠੇਕੇਦਾਰ ਤੋਂ ਜਾਣਕਾਰੀ ਲਈ ਤਾਂ ਉਨ੍ਹਾਂ ਪੱਲਾ ਝਾੜਦੇ ਕਿਹਾ ਕਿ ਰੇਹੜੀ ਵਾਲੇ ਝੂੱਠ ਬੋਲ ਰਹੇ ਹਨ।ਰੇਹੜੀ ਵਾਲੇ ਅੰਦਰ ਜਾਂਦੇ ਹਨ।ਤਾਂ 40ਰੁਪਏ ਦੀ ਪਰਚੀ ਕੱਟੀ ਜਾਂਦੀ ਹੈ।ਸਾਡੇ ਕੋਲੋਂ ਕੋਈ150ਰੁਪਏ ਨਹੀਂ ਲਏ ਜਾਂਦੇ।ਜੇਕਰ ਕਿਸੇ ਨੂੰ ਕੋਈ ਸ਼ਿਕਾਇਤ ਹੈ ਤਾਂ ਪੁਲਿਸ ਸਟੇਸ਼ਨ ਜ਼ਾ ਸ਼ਿਕਾਇਤ ਦਰਜ ਕਰਵਾਏ।ਮੰਡੀ ਵਿੱਚ ਬਹੁਤ ਰਾਜਨੀਤੀ ਹੁੰਦੀ ਹੈ।ਲੋਕ ਚਾਹੁੰਦੇ ਹਨ ਕਿ ਠੇਕਾ ਨਾ ਹੋਵੇ।ਮਾਰਕੀਟ ਕਮੇਟੀ ਦੀ ਸਿਫਾਰਸ਼ ਨਾਲ ਫ੍ਰੀ ਨਿਕਲ ਜਾਣ।

# 13 ਮਈ ਨੂੰ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ 'ਤੇ ਲੱਗੇਗੀ ਨੈਸ਼ਨਲ ਲੋਕ ਅਦਾਲਤ : ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਰਜਿੰਦਰ ਅਗਰਵਾਲ

ਗੁਰਦਾਸਪੁਰ (ਨਵਨੀਤ ਕੁਮਾਰ ) ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਤਹਿਤ 13 ਮਈ ਨੂੰ ਜ਼ਿਲ੍ਹਾ ਪੱਧਰੀ ਅਤੇ ਸਬ-ਡਵੀਜ਼ਨ ਪੱਧਰ 'ਤੇ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਸ ਕੌਮੀ ਲੋਕ ਅਦਾਲਤ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ, ਸ੍ਰੀ ਰਜਿੰਦਰ ਅਗਰਵਾਲ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਸਿਵਲ ਮਾਮਲੇ, ਕਿਰਾਏ ਦੇ ਮਾਮਲੇ, ਐੱਮ.ਏ.ਸੀ.ਟੀ., ਕ੍ਰਿਮੀਨਲ



ਕੰਪਾਊਂਡੇਬਲ ਮਾਮਲੇ, ਮਾਲ ਮਾਮਲੇ, 138 ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, ਪਰਿਵਾਰਕ ਮਾਮਲੇ, ਲੇਬਰ ਮਾਮਲੇ, ਬੈਂਕ ਮਾਮਲੇ, ਟੈਲੀਕਾਮ ਕੰਪਨੀਆਂ ਅਤੇ ਹੋਰ ਮਾਮਲਿਆਂ ਦਾ ਨਿਪਟਾਰਾ ਕਰਵਾਉਣ ਸਬੰਧੀ ਕੇਸ ਰੱਖੇ ਜਾਣਗੇ ਅਤੇ ਇਸ ਲੋਕ ਅਦਾਲਤ ਵਿੱਚ ਬਕਾਇਆ ਅਤੇ ਪ੍ਰੀ-ਲਿਟੀਗੇਟਿਵ ਦੋਵੇਂ ਹੀ ਨਿਪਟਾਰੇ ਲਈ ਰੱਖੇ ਜਾ ਸਕਦੇ ਹਨ। ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਅਪੀਲ ਕੀਤੀ ਕਿ ਵੱਧ ਤੋਂ ਵੱਧ ਕੇਸ ਇਸ ਕੌਮੀ ਲੋਕ ਅਦਾਲਤ ਵਿੱਚ ਲਗਾਏ ਜਾਣ। ਉਨ੍ਹਾਂ ਕਿਹਾ ਕਿ ਲੋਕ ਅਦਾਲਤ ਰਾਹੀਂ ਫੈਸਲਾ ਕਰਵਾਉਣ ਨਾਲ ਸਮੇਂ ਅਤੇ ਪੈਸੇ ਦੋਵਾਂ ਦੀ ਬੱਚਤ ਹੁੰਦੀ ਹੈ। ਉਹਨਾਂ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਨੂੰ ਦੀਵਾਨੀ ਡਿਕਰੀ ਦੀ ਮਾਨਤਾ ਪ੍ਰਾਪਤ ਹੁੰਦੀ ਹੈ ਅਤੇ ਲੋਕ ਇਨ੍ਹਾਂ ਲੋਕ ਅਦਾਲਤਾਂ ਰਾਹੀਂ ਵੱਧ ਤੋਂ ਵੱਧ ਕੇਸਾਂ ਦਾ ਨਿਪਟਾਰਾ ਕਰਵਾ ਕੇ ਲਾਭ ਪ੍ਰਾਪਤ ਕਰ ਸਕਦੇ ਹਨ।

# ਰਮਨਪ੍ਰੀਤ ਸਿੰਘ ਗਿੱਲ ਨੂੰ ਸਦਮਾ ਪਿਤਾ ਦਾ ਦਿਹਾਂਤ

ਸ੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ ਰਜਿੰਦਰ ਧੀਮਾਨ) ਰਮਨਪ੍ਰੀਤ ਸਿੰਘ ਗਿੱਲ ਦੇ ਪਿਤਾ ਸਰਦਾਰ ਇੰਦਰਜੀਤ ਸਿੰਘ ਗਿੱਲ ਦਾ ਅੱਜ ਦਿਹਾਂਤ ਹੋ ਗਿਆ ਉਹ 76 ਸਾਲਾਂ ਦੇ ਸਨ ਜ਼ਿਕਰਯੋਗ ਹੈ ਕਿ ਸਰਦਾਰ ਇੰਦਰਜੀਤ ਸਿੰਘ ਗਿੱਲ ਬੀਤੇ ਕਈ ਸਾਲਾਂ ਤੋਂ ਬਿਮਾਰ ਸਨ ਹਸਮੁਖ ਸੁਭਾ ਦੇ ਤੇ ਸਾਰਿਆ ਦਾ ਸਤਿਕਾਰ ਕਰਨ ਵਾਲੇ ਸ ਗਿੱਲ ਆਪਣੇ ਜੀਵਨ ਦੀ ਵੱਖਰੀ ਹੀ ਸ਼ਾਪ ਛੱਡ ਗਏ ਸੰਤ ਬਾਬਾ ਗੁਰਦਿਆਲ ਸਿੰਘ ਬੇਦੀ ਜੀ ਦੇ ਬਹੁਤ ਨਜ਼ਦੀਕੀਆਂ ਵਿੱਚੋਂ ਸ ਗਿੱਲ ਇੱਕ ਸਨ ਆਰਮੀ ਵਿਚੋਂ ਰਿਟਾਇਰਡ ਸਨ ਤੇ ਉਹਨਾਂ ਦਾ ਸੰਸਕਾਰ ਬੀਤੀ ਸ਼ਾਮ ਚਰਨ ਗੰਗਾ ਸ਼ਮਸ਼ਾਨਘਾਟ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰ ਦਿੱਤਾ ਗਿਆ ਇਸ ਦੁੱਖ ਦੀ ਘੜੀ ਵਿਚ ਰਮਨਪ੍ਰੀਤ ਸਿੰਘ ਗਿੱਲ ਨਾਲ ਸ਼ਹਿਰ ਦੇ ਸਮੂਹ ਲੋਕਾਂ ਵੱਲੋਂ ਦੁੱਖ ਸਾਂਝਾ ਕੀਤਾ ਗਿਆ ਹੈ ਜਿਨ੍ਹਾਂ ਵਿਚ ਸਾਬਕਾ ਨਗਰ ਕੌਂਸਲ ਦੇ ਪ੍ਰਧਾਨ ਮਹਿੰਦਰ ਸਿੰਘ ਵਾਲੀਆ, ਕੌਂਸਲਰ ਗੁਰਿੰਦਰ ਸਿੰਘ (ਬੰਟੀ) ਵਾਲੀਆ, ਕੌਂਸਲਰ ਕਮਲਜੀਤ ਸਿੰਘ, ਕੌਂਸਲਰ ਦਲਜੀਤ ਸਿੰਘ ਬਾਬਾ, ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ ਅਨੰਦਪੁਰ ਸਾਹਿਬ, ਦਿਨੇਸ਼ ਨੱਡਾ ਆਗੰਮਪੁਰ, ਬਲਵੀਰ ਸੰਧੂ ਪ੍ਰਧਾਨ ਪ੍ਰੈੱਸ ਕਲੱਬ ਰਜਿਸਟਰ ਸ੍ਰੀ ਅਨੰਦਪੁਰ ਸਾਹਿਬ, ਰਜਿੰਦਰ ਧੀਮਾਨ ਆਗੰਮਪੁਰ, ਜਥੇਦਾਰ ਸੁਰਿੰਦਰ ਸਿੰਘ ਮਟੌਰ, ਅੰਗਰੇਜ ਸਿੰਘ ਪ੍ਰਧਾਨ ਡਿਪੂ ਹੋਲਡਰ ਐਸੋਸੀਏਸ਼ਨ ਸ੍ਰੀ ਅਨੰਦਪੁਰ ਸਾਹਿਬ, ਸ਼ਾਮ ਸੁੰਦਰ ਰੰਗਾਂ, ਆਦ ਹੋਰ ਸ਼ਖ਼ਸੀਅਤਾਂ ਵੱਲੋਂ ਵੀ ਦੁੱਖ ਪ੍ਰਗਟ ਕੀਤਾ ਗਿਆ ਹੈ ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

# ਪੰਚਾਇਤ ਸੰਮਤੀ ਸ਼ੇਰਪੁਰ ਦੀਆਂ 17 ਦੁਕਾਨਾਂ ਲਈ ਸਹੂਲਤਾਂ ਸਬੰਧੀ ਮੰਗ ਪੱਤਰ ਸੌਂਪਿਆ

## ਦਫ਼ਤਰ ਦੇ ਗੇਟ ਅੱਗੇ ਚੱਲ ਰਹੇ ਗੈਰ ਕਨੂੰਨੀ ਅਹਾਤੇ ਵੀ ਬੰਦ ਕਰਵਾਉਣ ਦੀ ਕੀਤੀ ਅਪੀਲ : ਦੁਕਾਨਦਾਰ

ਸ਼ੇਰਪੁਰ ( ਹਰਜੀਤ ਸਿੰਘ ਕਾਤਿਲ) - ਪੰਚਾਇਤ ਸੰਮਤੀ ਸ਼ੇਰਪੁਰ ਦੀਆਂ ਸ੍ਰੀ ਗੁਰੂ ਤੇਗ਼ ਬਹਾਦਰ ਮਾਰਕਿਟ ਦੀਆ 17 ਦੁਕਾਨਾਂ ਵਿੱਚੋਂ ਕੁੱਝ ਦੁਕਾਨਾਂ ਲੰਮੇਸਮੇਂ ਤੋਂ ਖਾਲੀ ਪਈਆਂ ਸਨ । ਜਿੰਨ੍ਹਾਂ ਦੀ ਜਨਵਰੀ 2023 ਵਿੱਚ ਸ੍ਰੀ ਅਮਿਤ ਗੁਪਤਾ ਚੇਅਰਮੈਨ (ਆਕਸ਼ਨ ਕਮੇਟੀ) ਕਮ ਉਪ ਮੰਡਲ ਮੈਜਿਸਟ੍ਰੇਟ ਧੂਰੀ ਦੀਆਂਹਦਾਇਤਾਂ ਅਨੁਸਾਰ ਕੁਲਦੀਪ ਸਿੰਘ ਤਹਿਸੀਲਦਾਰ ਧੂਰੀ ਦੀ ਅਗਵਾਈ ਹੇਠ ਗੁਰਮੀਤ ਸਿੰਘ ਕਾਰਜ ਸਾਧਕ ਅਫਸਰ ਪੰਚਾਇਤ ਸੰਮਤੀ ਸ਼ੇਰਪੁਰ , ਸ੍ਰੀਮਤੀਪਰਮਿੰਦਰ ਕੌਰ ਚੇਅਰਪਰਸਨ ਪੰਚਾਇਤ ਸੰਮਤੀ ਸ਼ੇਰਪੁਰ ਅਤੇ ਰਾਕੇਸ਼ ਕੁਮਾਰ ਸੀਨੀਅਰ ਸਹਾਇਕ ਡੀ ਡੀ ਪੀ ਉ ਸੰਗਰੂਰ ਦੀ ਮੌਜ਼ੂਦਗੀ ਵਿੱਚ ਪੰਚਾਇਤ ਸੰਮਤੀਸ਼ੇਰਪੁਰ ਦੀਆਂ ਦੁਕਾਨਾਂ ਦੀ ਬੋਲੀ ਨੇਪਰੇ ਚੜ੍ਹੀ ਸੀ , ਬੋਲੀ ਤੋਂ ਪਹਿਲਾਂ ਜ਼ਰੂਰੀ ਸ਼ਰਤਾਂ ਪੜ੍ਹ ਕੇ ਸੁਣਾਈਆ ਗਈਆਂ ਸਨ ਅਤੇ ਦੁਕਾਨਦਾਰਾਂ ਵੱਲੋਂ ਵੀ ਕੁੱਝ ਜਰੂਰੀਮੰਗਾਂ ਰੱਖੀਆਂ ਗਈਆਂ ਸਨ ਉਨ੍ਹਾਂ ਮੰਗਾਂ ਨੂੰ ਲੈਕੇ ਮਾਰਕਿਟ ਦੇ ਦੁਕਾਨਦਾਰਾਂ ਨੇ ਇੰਸ . ਪਿਆਰਾ ਸਿੰਘ ਮਾਹਮਦਪੁਰ ਦੀ ਅਗਵਾਈ ਹੇਠ ਗੁਰਮੀਤ ਸਿੰਘ ਬਲਾਕਵਿਕਾਸ ਪੰਚਾਇਤ ਅਫ਼ਸਰ ਸ਼ੇਰਪੁਰ ਨੂੰ ਮੰਗ ਪੱਤਰ ਸੌਂਪਿਆ । ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਸ ਪਿਆਰਾ ਸਿੰਘ ਅਤੇ ਦੁਕਾਨਦਾਰਾਂ ਨੇ ਦੱਸਿਆਕਿ ਮਾਰਕਿਟ ਅੰਦਰ 6 ਸਟ੍ਰੀਟ ਲਾਈਟ ਲਗਵਾਈਆਂ ਜਾਣ , ਗੰਦੇ ਪਾਣੀ ਦੀ ਨਿਕਾਸੀ ਲਈ ਪਾਇਪ ਪਾਏ ਜਾਣ , ਦੁਕਾਨਾਂ ਅੱਗੇ ਇੰਟਰ ਲਾਕ ਟਾਇਲ ਲਗਾਈਜਾਵੇ , ਵਾਸ਼ਰੂਮ ਤੇ ਫਲੱਸ਼ ਦਾ ਪ੍ਰਬੰਧ ਕੀਤਾ ਜਾਵੇ । ਉਨ੍ਹਾਂ ਕਿਹਾ ਅਸੀਂ ਦਫ਼ਤਰ ਦੇ ਗੇਟ ਅੱਗੇ ਚੱਲ ਰਹੇ ਗੈਰ ਕਨੂੰਨੀ ਅਹਾਤੇ ਵੀ ਬੰਦ ਕਰਵਾਉਣ ਦੀ ਅਪੀਲਕੀਤੀ ਹੈ । ਕਿਉਂਕਿ ਇਸ ਨਾਲ ਮਾਰਕਿਟ ਵਿੱਚ ਆਉਣ ਵਾਲੇ ਗ੍ਰਾਹਕਾਂ ਉੱਪਰ ਬੁਰਾ ਪ੍ਰਭਾਵ ਪੈਂਦਾ ਹੈ । ਸਮੂੰਹ ਦੁਕਾਨਦਾਰਾਂ ਨੇ ਉਪਰੋਕਤ ਮੰਗਾਂ ਦਾ ਜਲਦੀ ਹੱਲਕਰਨ ਦੀ ਅਪੀਲ ਕੀਤੀ । ਇਸ ਮੌਕੇ ਇੰਸ ਪਿਆਰਾ ਸਿੰਘ , ਰਣਜੀਤ ਸਿੰਘ ਰਾਣਾ ਸਿੱਧੂ, ਰਾਮ ਸਿੰਘ ਕਾਲਾਬੂਲਾ, ਚਮਕੌਰ ਸਿੰਘ , ਨਾਇਬ ਸਿੰਘ , ਹਰਵਿੰਦਰਸਿੰਘ , ਅਮਨਦੀਪ ਸਿੰਘ , ਹਰਜੀਤ ਸਿੰਘ, ਗੁਰਮੀਤ ਸਿੰਘ ਖੀਪਲ , ਸਿਕੰਦਰ ਖਾਂ , ਚਮਕੌਰ ਸਿੰਘ , ਸੁਖਵਿੰਦਰ ਸਿੰਘ ਬਾਜਵਾ ਤੋਂ ਇਲਾਵਾ ਹੋਰ ਵੀ ਦੁਕਾਨਦਾਰਮੌਜੂਦ ਸਨ ।



ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ੍ਰੀ ਗੁਰੂ ਤੇਗ਼ ਬਹਾਦਰ ਮਾਰਕਿਟ ਦੇ ਦੁਕਾਨਦਾਰ ।

# ਸਿਵਲ ਸਰਜਨ ਡਾ ਹਰਭਜਨ ਰਾਮ ਮਾਂਡੀ ਵੱਲੋਂ ਆਮ ਆਦਮੀ ਕਲੀਨਿਕ ਬੱਬੇਹਾਲੀ,ਮਾਨ ਕੌਰ ਸਿੰਘ ਦਾ ਦੌਰਾ ਕੀਤਾ



ਦੋਰਾਂਗਲਾ (ਰਾਕੇਸ਼ ਜੀਵਨ ਚੱਕ) ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਜੀ ਵੱਲੋਂ ਆਮ ਆਦਮੀ ਕਲੀਨਿਕ ਬੱਬੇਹਾਲੀ ਅਤੇ ਮਾਨ ਕੌਰ ਸਿੰਘ ਦਾ ਦੌਰਾ ਕੀਤਾ ਗਿਆ । ਇਸ ਸਮੇਂ ਉਹਨਾ ਵਲੋਂ ਸਿਹਤ ਸਹੂਲਤਾਂ ਬਾਰੇ ਮੌਕੇ ਤੇ ਸਟਾਫ ਕੋਲੋ ਜਾਣਕਾਰੀ ਹਾਸਿਲ ਕੀਤੀ ਅਤੇ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਹਸਪਤਾਲ ਵਿੱਚ ਸਿਹਤ ਸਹੂਲਤਾਂ ਲੈਣ ਵਾਲੇ ਮਰੀਜ਼ਾਂ ਨੂੰ ਪੰਜਾਬ ਸਰਕਾਰ ਵਲੋਂ ਦਿੱਤੀਆਂ ਜਾ ਰਹੀ ਸਿਹਤ ਸਹੂਲਤਾ ਪਹਿਲ ਦੇ ਆਧਾਰ ਤੇ ਦਿੱਤੀਆਂ ਜਾਣ । ਉਹਨਾਂ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਉਹ ਡਿਸਪੈਂਸਰੀ ਵਿਖੇ ਦਵਾਈਆਂ ਦੇ ਸਟਾਕ ਅਤੇ ਹਸਪਤਾਲ ਦੀ ਸਾਫ ਸਫਾਈ ਦਾ ਖਾਸ ਧਿਆਨ ਰੱਖਣ। ਸਿਵਲ ਸਰਜਨ ਵਲੋਂ ਆਮ ਆਦਮੀ ਕਲੀਨਿਕ ਵਿਖੇ ਸਟਾਫ ਪੁਜੀਸ਼ਨ, ਲੋੜੀਂਦੇ ਕੰਮ ਬਾਰੇ ਵਿਚਾਰ ਚਰਚਾ ਕੀਤੀ ਗਈ । ਸਿਵਲ ਸਰਜਨ ਡਾਕਟਰ ਹਰਭਜਨ ਰਾਮ ਮਾਂਡੀ ਨੇ ਦੱਸਿਆ ਕਿ ਸਿਹਤ ਵਿਭਾਗ ਦਾ ਮੁੱਖ ਉਦੇਸ਼ ਲੋਕਾਂ ਨੂੰ ਮੁਢਲੀ ਸਿਹਤ ਸੁਰੱਖਿਆ ਪ੍ਰਦਾਨ ਕਰਨਾ ਹੈ, ਲੋਕਾਂ ਨੂੰ ਸਿਹਤ ਸਕੀਮਾਂ ਬਾਰੇ ਜਾਗਰੂਕ ਕਰਨਾ ਹੈ ਤਾਂ ਜੋ ਲੋਕ ਇਸਦਾ ਲਾਹਾ ਲੈ ਸਕਣ। ਇਸੇ ਲਈ ਪਿੰਡ ਪੱਧਰ ਤੇ ਮੋਹੱਲਾ ਕਲੀਨਿਕ ਅਤੇ ਹੈਲਥ ਵੇਲਨੇਸ ਸੈਂਟਰ ਖੁੱਲੇ ਹੋਏ ਹਨ, ਜਿਥੋਂ ਸਿਹਤ ਸਹੂਲਤਾਂ ਦਾ ਲਾਹਾ ਲਿਆ ਜਾ ਸਕਦਾ ਹੈ। ਇਸ ਮੌਕੇ ਤੇ ਮੈਡੀਕਲ ਅਫਸਰ ਡਾ ਅਮਨਦੀਪ ਸਿੰਘ, ਸਤਵਿੰਦਰ ਸਟਾਫ ਨਰਸ, ਐਲ ਐਚ ਵੀ ਕੁਲਦੀਪ ਕੌਰ, ਸੀ ਐਚ ਓ ਨਵਜੋਤ ਕੌਰ, ਫਾਰਮੇਸੀ ਅਫਸਰ ਆਦਿ ਮੌਜੂਦ ਰਹੇ ।

# ਪਹਿਲਵਾਨ ਕੁੜੀਆਂ ਦੇ ਹੱਕ 'ਚ ਬੀ ਕੇ ਯੂ ਡਕੌਂਦਾ ਧਨੇਰ ਧੜੇ ਵੱਲੋਂ ਸ਼ੇਰਪੁਰ ਤੋਂ ਜਥਾ ਰਵਾਨਾ



ਦਿੱਲੀ ਧਰਨੇ 'ਚ ਸ਼ਾਮਿਲ ਹੋਣ ਲਈ ਜਾਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਸਾਨ ਆਗੂ

ਸ਼ੇਰਪੁਰ ( ਹਰਜੀਤ ਸਿੰਘ ਕਾਤਿਲ ) - ਬੀ ਕੇ ਯੂ ਡਕੌਂਦਾ ਧਨੇਰ ਧੜੇ ਵੱਲੋਂ ਦਿੱਲੀ ਵਿਖੇ ਜਿਣਸੀ ਸੋਸ਼ਣ ਮਾਮਲੇ ਨੂੰ ਲੈਕੇ ਭਾਰਤੀ ਰੈਸਲਿੰਗ ਦੇ ਪ੍ਰਧਾਨਬ੍ਰਿਜ ਭੂਸ਼ਨ ਦੀ ਗ੍ਰਿਫਤਾਰੀ , ਆਪਣੇ ਮਾਨ ਸਨਮਾਨ ਅਤੇ ਇੱਜ਼ਤ ਲਈ ਧਰਨੇ ਉੱਪਰ ਬੈਠੀਆਂ ਭਾਰਤੀ ਪਹਿਲਵਾਨ ਕੁੜੀਆਂ ਦੇ ਹੱਕ ਵਿੱਚ ਬਲਾਕ ਸ਼ੇਰਪੁਰ ਦੇਪ੍ਰਧਾਨ ਕਰਮਜੀਤ ਸਿੰਘ ਗੁਰਬਖ਼ਸ਼ਪੁਰਾ , ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਛੰਨਾਂ ਦੀ ਅਗਵਾਈ ਹੇਠ ਦਿੱਲੀ ਲਈ ਜੱਥਾ ਰਵਾਨਾ ਹੋਇਆ । ਕਿਸਾਨ ਆਗੂਆਂ ਨੇਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਇਹ ਦੇਸ਼ ਲਈ ਮਰ ਮਿਟਣ ਦਾ ਜ਼ਜ਼ਬਾ ਰੱਖਣ ਵਾਲੀਆਂ ਸਾਡੀਆਂ ਧੀਆਂ ਦੀ ਇਜ਼ੱਤ ਦਾ ਮਾਮਲਾ ਹੈ , ਜਿਸਵਿੱਚ ਪੂਰੇ ਦੇਸ਼ ਨੂੰ ਸਾਥ ਦੇਣ ਦੀ ਲੋੜ ਹੈ ਤਾਕਿ ਦੋਸ਼ੀ ਨੂੰ ਜਲਦ ਗ੍ਰਿਫਤਾਰ ਕਰਵਾਕੇ ਸਜ਼ਾ ਦਿਵਾਈ ਜਾਵੇ । ਇਸ ਮੌਕੇ ਬਲਾਕ ਪ੍ਰਧਾਨ ਕਰਮਜੀਤ ਸਿੰਘਗੁਰਬਖਸ਼ਪੁਰਾ, ਬਲਾਕ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਛੰਨਾਂ , ਗੁਰਮੁਖ ਸਿੰਘ ਸਮਰਾ, ਹਰਮਿੰਦਰ ਸਿੰਘ ਗਰੇਵਾਲ ,ਹਰਦੀਪ ਸਿੰਘ ਕਾਤਰੋਂ, ਗੁਰਮੀਤ ਸਿੰਘਚਾਹਲ, ਸੁਰਜੀਤ ਸਿੰਘ ਬਾਜਵਾ ,ਰਣਜੀਤ ਸਿੰਘ ਬਾਜਵਾ , ਰਘਬੀਰ ਸਿੰਘ ਤੋਂ ਇਲਾਵਾ ਕਿਸਾਨ ਬੀਬੀਆਂ ਮਹਿੰਦਰ ਕੌਰ , ਬਲਜਿੰਦਰ ਕੌਰ , ਮੂਰਤੀ ਕੌਰ , ਕਾਕੋ,ਤੇਜ ਕੌਰ , ਕਰਨੈਲ ਕੌਰ , ਰਣਜੀਤ ਕੌਰ , ਪਿਆਰੋ ਕੌਰ,ਚਰਨੋ ਕੌਰ ਅਤੇ ਹੋਰ ਵੀ ਕਿਸਾਨ ਮੌਜੂਦ ਸਨ ।

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

# ਪਿੰਡ ਵਜੀਦਕੇ ਕਲਾਂ ਦਾ ਫੌਜੀ ਜਵਾਨ ਜਸਵੀਰ ਸਿੰਘ ਜੰਮੂ ਵਿਖੇ ਸ਼ਹੀਦ

● ਪਿੰਡ ਤੇ ਇਲਾਕੇ ਅੰਦਰ ਸੋਗ ਦੀ ਲਹਿਰ ● ਸ਼ਹੀਦ ਜਸਵੀਰ ਸਿੰਘ ਵਜੀਦਕੇ ਦਾ ਅੰਤਿਮ ਸਸਕਾਰ ਮ੍ਰਿਕ ਦੇਹ ਪਿੰਡ ਪੁੱਜਣ ਦੇ ਕੀਤਾ ਜਾਵੇਗਾ- ਪਰਿਵਾਰਿਕ ਮੈਂਬਰ ਤੇ ਪਿੰਡ ਵਾਸੀ

ਸ਼ੇਰਪੁਰ ( ਹਰਜੀਤ ਸਿੰਘ ਕਾਤਿਲ ) – ਜਿਲ੍ਹਾ ਬਰਨਾਲਾ ਅਧੀਨ ਪੈਂਦੇ ਪਿੰਡ ਵਜੀਦਕੇ ਕਲਾਂ ਦੇ ਜੰਮਪਲ ਤੇ 10 ਜੈਕ ਰਾਇਫਲ ਦੇ ਜਵਾਨ ਜਸਵੀਰ ਸਿੰਘ ( 27 ) ਪੁੱਤਰ ਕੁਲਦੀਪ ਸਿੰਘ ਜੰਮੂ ਵਿਖੇ ਸਰਹੱਦਾਂ ਦੀ ਰਾਖੀ ਕਰਦਿਆਂ ਗੋਲੀ ਲੱਗਣ ਨਾਲ ਦੇਸ ਦੀ ਏਕਤਾ ਤੇ ਆਖੰਡਤਾਂ ਲਈ ਸ਼ਹਾਦਤ ਦਾ ਜਾਮ ਪੀ ਗਏ ਹਨ . ਸ਼ਹੀਦ ਫੌਜੀ ਜਵਾਨ ਜਸਵੀਰ ਸਿੰਘ ਵਜੀਦਕੇ ਕਲਾਂ ਦੀ ਸ਼ਹੀਦੀ ਦੀ ਖ਼ਬਰ ਮਿਲਦਿਆਂ ਹੀ ਪਰਿਵਾਰਿਕ ਮੈਂਬਰਾਂ,ਪਿੰਡ ਵਾਸੀਆਂ ਤੇ ਇਲਾਕੇ 'ਚ ਸੋਗ ਦੀ ਲਹਿਰ ਫੈਲ ਗਈ . ਇਸ ਮੌਕੇ ਸ਼ਹੀਦ ਦੇ ਪਿਤਾ ਕੁਲਦੀਪ ਸਿੰਘ ਵਾਸੀ ਵਜੀਦਕੇ ਕਲਾਂ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਉਨ੍ਹਾਂ ਦਾ ਇਕਲੌਤਾ ਪੁੱਤਰ ਜਸਵੀਰ ਸਿੰਘ ਦਾ ਜਨਮ 10 ਅਕਤੂਬਰ 1995 ਨੂੰ ਹੋਇਆ . ਉਸ ਨੇ ਮੈਟ੍ਰਿਕ ਤੱਕ ਦੀ ਸਿੱਖਿਆਂ ਸ਼ਹੀਦ ਰਹਿਮਤ ਅਲੀ ਮੈਮੋਰੀਅਲ ਸਰਕਾਰੀ ਹਾਈ ਸਕੂਲ ਵਜੀਦਕੇ ਖੁਰਦ ਤੋਂ ਪ੍ਰਾਪਤ ਕੀਤੀ . ਬਾਰਵੀਂ ਦੀ ਪੜਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਠੀਕਰੀਵਾਲ ਤੇ ਬੀਏ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ ਤੋਂ ਕੀਤੀ . ਇਸ ਉਪਰੰਤ ਉਹ 6 ਸਾਲ ਪਹਿਲਾਂ 2016 ਵਿੱਚ ਪਟਿਆਲਾ ਵਿਖੇ ਭਰਤੀ ਫੌਜ 10 ਜੈਕ ਰਾਇਫਲ ਵਿੱਚ ਭਰਤੀ ਹੋ ਗਿਆ . ਇਸ ਟਾਇਮ ਉਹ ਜੰਮੂ 'ਚ ਰਜੌਰੀ ਮੇਹਦੜ੍ਹ ਵਿੱਚ ਆਪਣੀ ਡਿਊਟੀ ਦੀਆਂ ਸੇਵਾਵਾਂ ਨਿਭਾਅ ਰਿਹਾ ਸੀ . ਬੁੱਧਵਾਰ ਦੀ ਰਾਤ ਨੂੰ ਜੰਮੂ 'ਚੋ ਉਸ ਦੇ ਨਾਲ ਦੇ ਸਾਥੀਆਂ ਦਾ ਫੋਨ ਆਇਆ ਕਿ ਜਸਵੀਰ ਸਿੰਘ ਰਜੌਰੀ ਮੇਹਦੜ੍ਹ ਜੰਮੂ ਵਿਖੇ ਪੋਸਟ ਤੇ ਡਿਊਟੀ ਕਰਦੇ ਸਮੇਂ ਗੋਲੀ ਲੱਗਣ ਨਾਲ ਸ਼ਹਾਦਤ ਦਾ ਜਾਮ ਪੀ ਗਿਆ ਹੈ . ਉਨ੍ਹਾਂ ਕਿਹਾ ਸ਼ਹੀਦ ਜਸਵੀਰ ਸਿੰਘ ਦਾ ਅੰਤਿਮ ਸਸਕਾਰ ਮ੍ਰਿਕ ਦੇਹ ਪਿੰਡ ਪੁੱਜਣ ਤੇ ਕੀਤਾ ਜਾਵੇਗਾ . ਇਸ ਮੌਕੇ ਸਰਪੰਚ ਗੁਰਮੀਤ ਕੌਰ, ਬੀਕੇਯੂ ਉਗਰਾਹਾਂ ਦੇ ਜਨਰਲ ਸਕੱਤਰ ਕੁਲਜੀਤ ਸਿੰਘ ਵਜੀਦਕੇ, ਰਜਿੰਦਰ ਸਿੰਘ ਵਜੀਦਕੇ, ਗੁਰਚਰਨ ਸਿੰਘ, ਗੁਰਦੀਪ ਸਿੰਘ, ਡਾ ਜਸਵੀਰ ਸਿੰਘ, ਸਾਬਕਾ ਫੌਜੀ ਬਹਾਦਰ ਸਿੰਘ ਸਮਰਾ, ਹਰਮੋਲਕ ਸਿੰਘ, ਬਲਜਿੰਦਰ ਸਿੰਘ ਮਿਸਰਾ ਸ਼ਹੀਦ ਦੀ ਮਾਤਾ ਪਰਮਜੀਤ ਕੌਰ,ਚਾਚਾ ਮਲਕੀਤ ਸਿੰਘ,ਚਾਚੀ ਮਨਜੀਤ ਕੌਰ,ਚਚੇਰਾ ਭਰਾ ਰਸਵੀਰ ਸਿੰਘ ਹਾਜਰ ਸਨ ।







ਸ਼ਹੀਦ ਜਵਾਨ ਜਸਵੀਰ ਸਿੰਘ ਵਜੀਦਕੇ ਕਲਾਂ ਦੀ ਫਾਈਲ ਫੋਟੋ ਅਤੇ ਗਮ ਚ ਡੁੱਬੇ ਪਰਿਵਾਰਕ ਮੈਂਬਰ

# ਨਾਰਾਜ਼ ਉਮੀਦਵਾਰਾਂ ਨੇ ਸਿਵਲ ਜੱਜਾਂ ਦੀ ਪ੍ਰੀਖਿਆ ਪ੍ਰਣਾਲੀ ’ਤੇ ਇਨਸਾਫ਼ ਦੀ ਮੰਗ ਉਠਾਈ : ਹਰਿੰਦਰ ਹੈਰੀ

## ਚੀਫ਼ ਜਸਟਿਸ ਨੂੰ ਮਾਮਲੇ ਵਿੱਚ ਦਖ਼ਲ ਦੇਣ ਦੀ ਅਪੀਲ ਕੀਤੀ

ਮੋਹਾਲੀ (ਰੀਤਿਸ਼ ਕੁਮਾਰ):ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 2020 ਵਿੱਚ ਹਰਿਆਣਾ ਵਿੱਚ ਹੇਠਲੀ ਅਦਾਲਤ ਦੇ ਜੱਜਾਂ ਦੀਆਂ 256 ਅਸਾਮੀਆਂ ਦੀ ਨਿਯੁਕਤੀ ਦੇ ਹੁਕਮ ਦਿੱਤੇ ਸਨ। ਪ੍ਰੀਖਿਆ ਦੇਣ ਵਾਲੇ ਵਿਦਿਆਰਥੀਆਂ ਨੇ ਮਾਰਕਿੰਗ ਨੂੰ ਲੈ ਕੇ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ।

ਇਹ ਕਹਿਣਾ ਹੈ ਹਰਿੰਦਰਾ ਹੈਰੀ ਦਾ, ਜੋ ਖੁਦ ਵੀ ਇਸ ਪੱਖਪਾਤ ਦਾ ਸ਼ਿਕਾਰ ਹੋ ਚੁੱਕੇ ਹਨ, ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸ.

ਪ੍ਰੀਖਿਆਵਾਂ ਲਈ ਹਾਜ਼ਰ ਵਿਦਿਆਰਥੀ

ਮੈਂ ਉਨ੍ਹਾਂ ਦੇ ਪ੍ਰਸ਼ਨ ਪੱਤਰਾਂ ਦੀ ਨਿਸ਼ਾਨਦੇਹੀ ਵਿੱਚ ਕਮੀਆਂ ਪਾਈਆਂ ਹਨ। ਇਨ੍ਹਾਂ ਵਿਦਿਆਰਥੀਆਂ ਵੱਲੋਂ ਆਪਣੇ ਪੇਪਰ ਸੀਟਾਂ ਦੀ ਮਾਰਕਿੰਗ ਬਾਰੇ ਆਰ.ਟੀ.ਆਈ ਰਾਹੀਂ ਜਾਣਕਾਰੀ ਲੈਣ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਕਿ ਇਨ੍ਹਾਂ ਨੂੰ ਉਨ੍ਹਾਂ ਦੇ ਅੰਕ ਵੀ ਨਹੀਂ ਦਿੱਤੇ ਗਏ। ਕਿਤੇ ਉਸ ਨੂੰ ਇਹ ਰਵੱਈਆ ਪੱਖਪਾਤੀ ਲੱਗਿਆ ਕਿ ਉਸ ਨੂੰ ਜੱਜ ਬਣਨ ਤੋਂ ਰੋਕਿਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਆਪਣੇ ਪੱਤਰਾਂ ਦੀ ਮੁੜ ਜਾਂਚ ਲਈ ਮਾਣਯੋਗ ਸੁਪਰੀਮ ਕੋਰਟ ਤੱਕ ਵੀ ਪਹੁੰਚ ਕੀਤੀ ਸੀ ਪਰ ਉਨ੍ਹਾਂ ਦੀ ਅਪੀਲ ਦੀ ਕਿਤੇ ਵੀ ਸੁਣਵਾਈ ਨਹੀਂ ਹੋਈ। ਇਸ ਇਮਤਿਹਾਨ ਵਿੱਚ ਸਿਵਲ ਜੱਜਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਨੂੰ ਸੁਣਨ ਅਤੇ ਹੱਲ ਕਰਨ ਦੀ ਬਜਾਏ ਜੇਕਰ ਹਾਈ ਕੋਰਟ ਅਤੇ ਸੁਪਰੀਮ ਕੋਰਟ ਨੇ ਸੁਣਵਾਈ ਕਰਨੀ ਜ਼ਰੂਰੀ ਨਹੀਂ ਸਮਝੀ ਤਾਂ ਇਨ੍ਹਾਂ ਵਿਦਿਆਰਥੀਆਂ ਲਈ ਅੱਗੇ ਕੋਈ ਰਾਹ ਨਹੀਂ ਬਚਦਾ। ਜੱਜਾਂ ਦੀ ਪ੍ਰੀਖਿਆ ਦੇਣ ਵਾਲੇ ਹਰਿੰਦਰ ਕੁਮਾਰ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੇ ਮਾਰਕ ਵਾਲੀਆਂ ਕਾਪੀਆਂ ਨੂੰ ਦੇਖਿਆ ਤਾਂ ਪਤਾ ਲੱਗਾ ਕਿ ਉਨ੍ਹਾਂ ਦੇ ਸਹੀ ਜਵਾਬ ਵੀ ਗਲਤ ਸਨ ਅਤੇ ਸਹੀ ਉੱਤਰਾਂ ਨੂੰ ਘੱਟ ਅੰਕ ਦਿੱਤੇ ਗਏ ਸਨ।



ਇੰਨਾ ਹੀ ਨਹੀਂ, ਜਿਨ੍ਹਾਂ 256 ਜੱਜਾਂ ਦੀ ਨਿਯੁਕਤੀ ਲਈ ਸਕਰੀਨਿੰਗ ਕੀਤੀ ਗਈ ਸੀ, ਉਨ੍ਹਾਂ 'ਚੋਂ ਸਿਰਫ 118 ਅਸਾਮੀਆਂ ਹੀ ਭਰੀਆਂ ਗਈਆਂ, ਜਦਕਿ ਬਾਕੀ ਅਜੇ ਵੀ ਖਾਲੀ ਹਨ,ਅਮਿਤ ਚੌਧਰੀ ਨੇ ਮੁੰਬਈ ਤੋਂ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਵੀ ਪੱਖਪਾਤ ਦਾ ਸ਼ਿਕਾਰ ਹੋਈ ਹੈ ਜਿਸ ਕਰਕੇ ਉਸਦਾ ਭਵਿੱਖ ਬਣਨ ਦੀ ਬਜਾਏ ਹੋਰ ਖਰਾਬ ਹੋ ਰਿਹਾ ਹੈ, ਜਿਸ ਦੀ ਜ਼ੁੰਮੇਵਾਰੀ ਕੌਣ ਲਵੇਗਾ .ਹਰਿੰਦਰ ਕੁਮਾਰ ਨੇ ਮੰਗ ਕੀਤੀ ਕਿ ਉਹ ਭਾਰਤ ਦੇ ਚੀਫ਼ ਜਸਟਿਸ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਤੁਰੰਤ ਹੱਲ ਕਰਨ ਦੀ ਅਪੀਲ।

# ਅਮਰੀਕਾ ਦੇ ਮਾਲ ’ਚ ਗੋਲੀਬਾਰੀ ਕਾਰਨ ਮਰੀ ਐਸ਼ਵਰਿਆ ਦੀ ਲਾਸ਼ ਹੈਦਰਾਬਾਦ ਪੁੱਜੀ



ਹੈਦਰਾਬਾਦ। ਅਮਰੀਕਾ ਦੇ ਮਾਲ ਵਿੱਚ 6 ਮਈ ਨੂੰ ਗੋਲੀਬਾਰੀ ਵਿੱਚ ਮਾਰੀ ਗਈ 27 ਸਾਲਾ ਐਸ਼ਵਰਿਆ ਥਟੀਕੋਂਡਾ ਦੀ ਦੇਹ ਇਥੇ ਉਸ ਦੇ ਘਰ ਪੁੱਜ ਗਈ ਹੈ। ਦੇਹ ਬੁੱਧਵਾਰ ਦੇਰ ਰਾਤ ਰਾਜੀਵ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਹੈਦਰਾਬਾਦ ਪਹੁੰਚੀ ਅਤੇ ਅੰਤਿਮ ਸੰਸਕਾਰ ਅੱਜ ਕੀਤਾ ਜਾਵੇਗਾ। ਹੈਦਰਾਬਾਦ ਦੀ ਮਹਿਲਾ ਇੰਜਨੀਅਰ ਡਲਾਸ ਨੇੜੇ ਮਾਲ ਵਿੱਚ

# ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ 13 ਮਈ ਨੂੰ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ

ਮੋਹਾਲੀ (ਰੀਤਿਸ਼ ਕੁਮਾਰ ) ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਵਲੋਂ ਜਾਰੀ ਸ਼ਡਿਊਲ ਅਨੁਸਾਰ 13 ਮਈ ਨੂੰ ਸਾਲ 2023 ਦੀ ਦੂਸਰੀ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ ਸ੍ਰੀ ਹਰਪਾਲ ਸਿੰਘ, ਜਿਲ੍ਹਾ ਅਤੇ ਸੈਸ਼ਨ ਜੱਜ, ਐਸ.ਏ.ਐਸ. ਨਗਰ ਦੀ ਯੋਗ ਅਗਵਾਈ ਵਿਚ ਜਿਲ੍ਹਾ ਐਸ.ਏ.ਐਸ. ਨਗਰ ਦੀਆਂ ਸਾਰੀਆਂ ਅਦਾਲਤਾਂ ਵਿੱਚ ਕੀਤਾ ਜਾ ਰਿਹਾ ਹੈ ਜਿਸ ਵਿਚ ਰਾਜੀਨਾਮਾ ਯੋਗ ਫੌਜਦਾਰੀ ਕੇਸ, ਚੈਕ ਬਾਊਂਸ ਕੇਸ, ਬੈਂਕ ਰਿਕਵਰੀ ਕੇਸ, ਵਿਵਾਹਿਕ ਝਗੜੇ, ਐਮ.ਏ.ਸੀ.ਟੀ ਕੇਸ, ਕਿਰਤ ਸਬੰਧੀ ਝਗੜੇ, ਲੈਂਡ ਐਕਿਊਜ਼ਿਸ਼ਨ ਕੇਸ, ਬਿਜਲੀ ਅਤੇ ਪਾਣੀ ਦੇ ਬਿਲਾਂ ਸਬੰਧੀ, ਮਾਲ ਵਿਭਾਗ ਨਾਲ ਸਬੰਧਤ ਅਤੇ ਹਰ ਤਰ੍ਹਾਂ ਦੇ ਦੀਵਾਨੀ ਕੇਸ ਵਿਚਾਰੇ ਜਾਣਗੇ। ਇਸ ਸਬੰਧ ਵਿਚ ਸ੍ਰੀ ਬਲਜਿੰਦਰ ਸਿੰਘ, ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵਲੋਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਜਿਵੇਂ ਕਿ ਟੈਲੀਫੋਨ ਵਿਭਾਗ, ਬੈਂਕ, ਇੰਸ਼ੋਰੈਂਸ ਕੰਪਨੀਆਂ, ਬਿਜਲੀ ਵਿਭਾਗ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਆਦਿ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਅਧਿਕਾਰੀਆਂ ਨੂੰ ਵੱਖਵੱਖ ਅਦਾਲਤਾਂ ਵਿਚ ਲੰਬਤ ਕੇਸਾਂ ਨੂੰ 13 ਮਈ ਨੂੰ ਲਗਾਈ ਜਾ ਰਹੀ ਰਾਸ਼ਟਰੀ ਲੋਕ ਅਦਾਲਤ ਰਾਹੀਂ ਨਿਪਟਾਰੇ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਵਲੋਂ ਇਹ ਵੀ ਦੱਸਿਆ ਗਿਆ ਕਿ ਇਸ ਰਾਸ਼ਟਰੀ ਲੋਕ ਅਦਾਲਤ ਵਿਚ ਅਜਿਹੇ ਕੇਸ ਜਿਹੜੇ ਅਜੇ ਕਿਸੇ ਵੀ ਅਦਾਲਤ ਵਿਚ ਦਾਇਰ ਨਹੀਂ ਕੀਤੇ ਗਏ ਹਨ ਅਤੇ ਉਪਰੋਕਤ ਕੈਟਾਗਿਰੀਆਂ ਅਧੀਨ ਆਉਂਦੇ ਹੋਣ, ਲੋਕ ਅਦਾਲਤ ਵਿਚ ਲਗਵਾਏ ਜਾ ਸਕਦੇ ਹਨ। ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਲੋਕ ਅਦਾਲਤਾਂ ਦੇ ਫਾਇਦਿਆਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਅਦਾਲਤ ਵਿਚ ਫੈਸਲਾ ਹੋਣ ਤੇ ਕੇਸਾਂ ਵਿੱਚ ਲੱਗੀ ਹੋਈ ਕੋਰਟ ਫੀਸ ਵਾਪਿਸ ਕਰ ਦਿੱਤੀ ਜਾਂਦੀ ਹੈ, ਇਹਨਾ ਕੇਸਾਂ ਦੇ ਫੈਸਲੇ ਦੀ ਕੋਈ ਅਪੀਲ ਨਹੀ ਹੁੰਦੀ।

# ਨੰਗਲ ਚ ਗੈਸ  ਲੀਕ ਸਕੂਲੀ ਬੱਚਿਆਂ ਤੇ ਅਧਿਆਪਕਾਂ ਤੇ ਪਿਆ ਪ੍ਰਭਾਵ , ਜਾਨੀ ਨੁਕਸਾਨ ਤੋਂ ਬਚਾਅ

ਨੰਗਲ (ਜੋਗਿੰਦਰ ਰਾਣਾ ਰਜਿੰਦਰ ਧੀਮਾਨ) ਪੰਜਾਬ ਦੇ ਮਿੰਨੀ ਚੰਡੀਗੜ ਕਹੇ ਜਾਣ ਵਾਲੇ ਨੰਗਲ ਡੈਮ ਵਿੱਚ ਉਦੋਂ ਵੱਡਾ ਭਿਆਨਕ ਹਾਦਸਾ ਹੋਣ ਤੋਂ ਬਚ ਗਿਆ ਜਦੋਂ ਸਵੇਰੇ ਲਗਭਗ 11 ਵਜੇ ਦੇ ਕਰੀਬ ਇਕ ਸਕੂਲ ਦੇ ਨਜ਼ਦੀਕ ਕਿਸੇ ਫੈਕਟਰੀ ਵਿਚੋਂ ਗੈਸ ਲੀਕ ਹੋ ਗਈ ਕਿਸ ਗੈਸ ਲੀਕ ਹੋਣ ਨਾਲ ਨੇੜੇ ਦੇ ਲੱਗਦੇ ਸੇਂਟ ਸੋਲਜਰ ਸਕੂਲ ਦੇ ਬੱਚਿਆਂ ਤੇ ਅਧਿਆਪਕਾਂ ਤੇ ਪ੍ਰਭਾਵ ਪਿਆ ਜਿਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਨਿਅਮਤ ਰਹਿ ਕੇ ਇਸ ਗੈਸ ਲੀਕ ਹੋਣ ਨਾਲ ਕਿਸੇ ਪ੍ਰਕਾਰ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਭਾਵੇਂ ਤੇ 1 ਗੰਭੀਰ ਬੱਚੇ ਨੂੰ ਪੀਜੀਆਈ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ ਸੀ ਪਰ ਕੁਝ ਸਮੇਂ ਬਾਅਦ ਉਸ ਨੂੰ ਵੀ ਵਾਪਸ ਨੰਗਲ ਭੇਜ ਦਿੱਤਾ ਗਿਆ ਜਿਵੇਂ ਹੀ ਇਸ ਘਟਨਾ ਦਾ ਪੁਲੀਸ ਤੇ ਪ੍ਰਸ਼ਾਸਨ ਨੂੰ ਪਤਾ ਲੱਗ ਗਿਆ ਉਹ ਤੁਰੰਤ ਘਟਨਾ ਸਥਾਨ ਤੇ ਪਹੁੰਚ ਗਏ ਅਤੇ ਗੈਸ ਲੀਕ



ਹੋਣ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਟੀਮਾਂ ਲਗਾ ਦਿੱਤੀਆਂ ਗਈਆਂ ਜ਼ਿਕਰਯੋਗ ਹੈ ਕਿ ਇਥੇ ਪੀ ਏ ਸੀ ਐਲ ਫੈਕਟਰੀ, ਐਨ ਐਫ ਐਲ ਫੈਕਟਰੀ ਦੇ ਨਾਲ-ਨਾਲ ਹੋਰ ਛੋਟੇ ਪਲਾਂਟ ਵੀ ਹਨ ਪਰ ਇਹ ਗੈਸ ਕਿਸ ਫੈਕਟਰੀ ਵਿੱਚੋ ਲੀਕ ਹੋਈ ਇਹ ਜਾਣਕਾਰੀ ਮਿਲਣਾ ਅਜੇ ਤੱਕ ਬੁਝਾਰਤ ਬਣਿਆ ਹੋਇਆ ਹੈ ਜਦੋਂ ਕੇ ਇਥੋਂ ਦੇ ਵਿਧਾਨ ਸਭਾ ਮੈਂਬਰ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਡਿਪਟੀ ਕਮਿਸ਼ਨਰ ਰੂਪਨਗਰ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਇਸ ਘਟਨਾ ਸਬੰਧੀ ਟੀਮਾਂ ਬਣਾ ਕੇ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਇਹਨਾਂ ਕਾਰਨਾਂ ਦਾ ਪਤਾ ਲਗਾਇਆ ਜਾਵੇਗਾ ਤਾਂ ਜੋ ਭਵਿੱਖ ਵਿਚ ਕੋਈ ਦੁਰਘਟਨਾ ਨਾ ਵਾਪਰੇ ।

# ਖਿਡਾਰੀਆਂ ਨੂੰ ਮਿਆਰੀ ਖੇਡ ਸਹੂਲਤਾਂ ਦੇਣ ਲਈ ਮੋਹਾਲੀ ਦੇ ਖੇਡ ਸਟੇਡੀਅਮ ਦਾ ਤਕਰੀਬਨ 5 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ: ਡਿਪਟੀ ਕਮਿਸ਼ਨਰ

## ਆਸ਼ਿਕਾ ਜੈਨ ਵਲੋਂ ਪੰਜ ਫੇਜ਼ ਦਾ ਖੇਡ ਸਟੇਡੀਅਮ ਦੋ ਹਫਤਿਆਂ ਵਿਚ ਖਿਡਾਰੀਆਂ ਲਈ ਖੋਲ੍ਹਣ ਦੇ ਨਿਰਦੇਸ਼



ਮੋਹਾਲੀ (ਰੀਤਿਸ਼ ਕੁਮਾਰ ) ਐਸ.ਏ.ਐਸ.ਨਗਰ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਖਿਡਾਰੀਆਂ ਨੂੰ ਵਧੀਆ ਖੇਡ ਸਹੂਲਤਾਂ ਦੇਣ ਵਾਸਤੇ ਮੋਹਾਲੀ ਸ਼ਹਿਰ ਦੇ ਪੰਜ ਸਟੇਡੀਅਮ ਦਾ ਤਕਰੀਬਨ 5 ਕਰੋੜ ਰੁਪਏ ਦੀ ਲਾਗਤ ਨਾਲ ਨਵੀਨੀਕਰਨ ਕੀਤਾ ਗਿਆ ਹੈ। ਅੱਜ ਸਥਾਨਿਕ 5 ਫੇਜ਼ ਦੇ ਖੇਡ ਸਟੇਡੀਅਮ ਦੇ ਨਵੀਨੀਕਰਨ ਦਾ ਜਾਇਜ਼ਾ ਲੈਣ ਪਹੁੰਚੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੋਹਾਲੀ ਸ਼ਹਿਰ ਦੇ ਫੇਜ਼ 5, ਫੇਜ਼ 6, ਫੇਜ਼ 7, ਫੇਜ਼ 11 ਅਤੇ ਸੈਕਟਰ 71 ਦੇ ਸਟੇਡੀਅਮ ਦਾ ਨਵੀਨੀਕਰਨ ਕੀਤਾ ਗਿਆ ਹੈ ਤਾਂ ਜੋ ਖਿਡਾਰੀਆਂ ਨੂੰ ਪ੍ਰੈਕਟਿਸ ਕਰਨ ਲਈ ਵਧੀਆ ਮਾਹੌਲ ਅਤੇ ਮਿਆਰੀ ਖੇਡ ਸਹੂਲਤਾਂ ਪ੍ਰਾਪਤ ਹੋ ਸਕਣ। ਇਨ੍ਹਾਂ ਸਟੇਡੀਅਮਾਂ ਦਾ ਪ੍ਰਬੰਧ ਗਮਾਡਾ ਵੱਲੋਂ ਕੀਤਾ ਜਾ ਰਿਹਾ ਹੈ। 5 ਫੇਜ਼ ਦੇ ਖੇਡ ਸਟੇਡੀਅਮ ਵਿਚ ਸਵਿਮਿੰਗਪਲ ਤੋਂ ਇਲਾਵਾ ਬੈਡਮਿੰਡਨ, ਬਾਸਕਟ-ਬਾਲ ਅਤੇ ਟੇਬਲ-ਟੈਨਿਸ ਦੀਆਂ ਕੋਰਟਸ ਹਨ। ਡਿਪਟੀ ਕਮਿਸ਼ਨ ਨੇ ਪੰਜ ਫੇਜ਼ ਦਾ ਖੇਡ ਸਟੇਡੀਅਮ ਖਿਡਾਰੀਆਂ ਵਾਸਤੇ ਦੋ ਹਫਤਿਆਂ ਵਿਚ ਖੋਲ੍ਹਣ ਦੇ ਅਧਿਕਾਰੀਆਂ ਨੂੰ ਨਿਰਦੇਸ਼ ਵੀ ਦਿੱਤੇ ਕਿਉਂਕਿ ਇਹ ਸਟੇਡੀਅਮ ਨਵੀਨੀਕਰਨ ਦੇ ਕਾਰਨ ਬੰਦ ਕੀਤੇ ਗਏ ਹਨ। ਸ੍ਰੀਮਤੀ ਆਸ਼ਿਕਾ ਜੈਨ ਨੇ ਕਿਹਾ ਕਿ ਖਿਡਾਰੀਆਂ ਨੂੰ ਵਧੀਆ ਸਹੂਲਤਾਂ ਦੇਣਾ ਜ਼ਿਲ੍ਹਾ ਪ੍ਰਸ਼ਾਸ਼ਨ ਦਾ ਉਦੇਸ਼ ਹੈ ਤਾਂ ਜੋ ਉਹ ਦੇਸ਼ ਅਤੇ ਦੁਨੀਆਂ ਭਰ ਵਿਚ ਜ਼ਿਲ੍ਹੇ ਦਾ ਨਾਂ ਰੋਸ਼ਨ ਕਰ ਸਕਣ। ਇਸ ਮੌਕੇ ਉਨ੍ਹਾਂ ਦੇ ਨਾਲ ਚੀਫ ਇੰਜੀਨੀਅਰ ਗਮਾਡਾ ਸ੍ਰੀ ਬਲਵਿੰਦਰ ਸਿੰਘ, ਨਿਗਰਾਣ ਇੰਜੀਨੀਅਰ ਸ੍ਰੀ ਅਜੈ ਗਰਗ, ਐਕਸੀਅਨ ਗਮਾਡਾ ਸ੍ਰੀ ਪੰਕਜ ਮੈਣੀ ਅਤੇ ਐਕਸੀਅਨ ਸ੍ਰੀ ਵਰੁਨ ਗਰਗ ਤੋਂ ਇਲਾਵਾ ਟੈਕਨੀਕਲ ਸਟਾਫ ਵੀ ਹਾਜ਼ਰ ਸੀ।

# 295 ਸੀ ਆਰ ਏ ਅਧੀਨ ਭਰਤੀ ਕੀਤੇ ਕਰਮਚਾਰੀਆਂ ਨੂੰ ਪੂਰੀਆਂ ਤਨਖਾਹਾਂ ਰੀਲੀਜ਼ ਕਰਾਉਣ ਲਈ ਸੰਘਰਸ ਦਾ ਐਲਾਨ

**15 ਮਈ ਤੋਂ ਲੈ ਕੇ 22 ਮਈ ਤੱਕ ਮੰਡਲ ਦਫ਼ਤਰ ਗੁਰਦਾਸਪੁਰ ਵਿਖੇ ਲੜੀਵਾਰ ਭੁੱਖ ਹੜਤਾਲ ਕੀਤੀ ਜਾਵੇਗੀ**

ਦੋਰਾਂਗਲਾ (ਰਾਕੇਸ਼ ਜੀਵਨ ਚੱਕ) ਅੱਜ ਗੁਰਦਾਸਪੁਰ ਡਵੀਜ਼ਨ ਅੰਦਰ ਕੰਮ ਕਰਦੀਆਂ ਪ੍ਰਮੁੱਖ ਜਥੇਬੰਦੀਆਂ ਪੀ ਐਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਟੈਕਨੀਕਲ ਸਰਵਿਸਿਜ਼ ਯੂਨੀਅਨ ਇੰਪਲਾਈਜ ਫੈਡਰੇਸ਼ਨ ਚਾਹਲ ਦੇ ਅਧਾਰਤ ਸਾਝੀ ਸੰਘਰਸ਼ ਕਮੇਟੀ ਦੀ ਮੀਟਿੰਗ ਮੰਡਲ ਦਫ਼ਤਰ ਗੁਰਦਾਸਪੁਰ ਵਿਖੇ ਹੋਈ । ਜਿਸ ਵਿੱਚ ਸੀ ਆਰ ਏ 295 ਵਾਲੇ ਕਰਮਚਾਰੀਆਂ ਜਿਨ੍ਹਾਂ ਦਾ ਪਰਵਿਜਨਲ ਪੀਰਡ ਸਫਲਤਾ ਪੂਰਵਕ ਪੂਰਾ ਹੋ ਗਿਆ ਹੈ ਉਨ੍ਹਾਂ ਦੇ ਪੂਰੇ ਤਨਖਾਹ ਸਕੇਲ ਲਾਗੂ ਕਰਨ ਦੇ ਦਫ਼ਤਰੀ ਹੁਕਮ ਨਾ ਕਰਨ ਦੀ ਸਖ਼ਤ ਨਿੰਦਾ ਕੀਤੀ ਗਈ। ਇਸ ਦੇ ਉਲਟ ਜਿਨ੍ਹਾਂ ਕਰਮਚਾਰੀਆਂ ਦਾ ਤਿੰਨ ਸਾਲ ਦਾ ਪਰਵਿਜਨਲ ਪੀਰਡ ਪੂਰਾ ਕਰਕੇ ਪੂਰੇ ਤਨਖਾਹ ਸਕੇਲ ਭੱਤੇ ਸਮੇਤ ਪੂਰੀਆਂ ਤਨਖ਼ਾਹਾਂ ਮਿਲਦੀਆਂ ਸਨ ਉਨ੍ਹਾਂ ਦੀਆਂ ਵੀ ਤਨਖਾਹਾਂ ਵੀ ਮੰਡਲ ਗੁਰਦਾਸਪੁਰ ਵਲੋਂ ਕੱਟ ਲਈਆ ਗਈਆਂ ਹਨ । ਜਿਸ ਕਾਰਨ ਬਿਜਲੀ ਕਾਮਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ,ਕਿਉਂਕਿ ਮੁੱਖ ਦਫਤਰ ਪਟਿਆਲਾ ਵਲੋਂ ਤਨਖਾਹਾਂ ਤੇ ਕਿਸੇ ਕਿਸਮ ਦੀ ਰੋਕ ਲਾਉਣ ਦਾ ਪੱਤਰ ਜ਼ਾਰੀ ਨਹੀਂ ਕੀਤਾ ਗਿਆ। ਪੰਜਾਬ ਦੇ ਕਈ ਦਫ਼ਤਰਾਂ ਵਲੋ ਕਰਮਚਾਰੀਆਂ ਦੀਆਂ ਪੂਰੀਆਂ ਤਨਖਾਹਾਂ ਰੀਲੀਜ਼ ਕੀਤੀਆਂ ਗਈਆਂ ਸਨ ਪਰ ਗੁਰਦਾਸਪੁਰ ਮੰਡਲ ਦਫ਼ਤਰ ਵਲੋਂ ਬਿਨਾਂ ਵਜ੍ਹਾ ਚੱਕਰਾਂ ਵਿੱਚ ਪਾਇਆ ਹੋਇਆ ਹੈ ।ਮੈਨੇਜ਼ਮੈਂਟ ਮੁਲਾਜ਼ਮਾਂ ਨਾਲ ਬੇਇਨਸਾਫ਼ੀ ਕਰ ਰਹੀ ਹੈ ਜਿਸ ਦੇ ਖਿਲਾਫ ਸਾਂਝੀ ਸੰਘਰਸ਼ ਕਮੇਟੀ ਵੱਲੋਂ ਵਧੀਕ ਨਿਗਰਾਨ ਇੰਜੀਨੀਅਰ ਗੁਰਦਾਸਪੁਰ ਦੇ ਖਿਲਾਫ ਸੰਘਰਸ਼ ਕਰਨ ਦਾ ਐਲਾਨ ਕੀਤਾ ਗਿਆ ਹੈ। ਜਿਸ ਦੇ ਪਹਿਲੇ ਪੜਾਅ ਵਜੋਂ 15 ਮਈ ਤੋਂ ਲੈ ਕੇ 22 ਮਈ ਤੱਕ ਮੰਡਲ



ਦਫ਼ਤਰ ਗੁਰਦਾਸਪੁਰ ਵਿਖੇ ਲੜੀਵਾਰ ਭੁੱਖ ਹੜਤਾਲ ਕੀਤੀ ਜਾਵੇਗੀ। ਜਿਸ ਦਾ ਲਿਖ਼ਤੀ ਨੋਟਿਸ ਮੈਨੇਜ਼ਮੈਂਟ ਨੂੰ ਭੇਜ ਦਿੱਤਾ ਗਿਆ ਹੈ। ਮੁਲਾਜ਼ਮ ਆਗੂਆਂ ਨੇ ਮੈਂਨਜਮੈਂਟ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਤਨਖਾਹਾ ਪੂਰੀਆਂ ਰੀਲੀਜ਼ ਨਾ ਕੀਤੀਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ । ਜਿਸ ਦੀ ਜ਼ਮਿਵਾਰੀ ਵਧੀਕ ਨਿਗਰਾਨ ਇੰਜੀਨੀਅਰ ਗੁਰਦਾਸਪੁਰ ਦੀ ਹੋਵੇਗੀ ।ਗੁਰਦਾਸਪੁਰ ਡਵੀਜ਼ਨ ਦੇ ਸਮੂਹ ਸਾਥੀਆਂ ਨੂੰ ਸੰਘਰਸ਼ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ ਮੀਟਿੰਗ ਵਿੱਚ ਸਾਥੀ ਸਾਹਿਬ ਸਿੰਘ ਧਾਲੀਵਾਲ ,ਸਜੀਵ ਸ਼ਰਮਾ ,ਸੁਖਦੇਵ ਸਿੰਘ , ਬਲਵਿੰਦਰ ਸਿੰਘ ਸੋਹਲ, ਰੋਹਿਤ ਕੁਮਾਰ, ਸਤੀਸ਼ ਸ਼ੈਣੀ, ਨਾਨਕ ਸਿੰਘ ,ਤਰਸੇਮ ਲਾਲ ਆਦਿ ਆਗੂ ਹਾਜਰ ਸਨ।

# ਲੁਧਿਆਣਾ ਪ੍ਰਸ਼ਾਸਨ ਨੇ ਕਣਕ ਦੀ ਸੁਚਾਰੂ ਤੇ ਨਿਰਵਿਘਨ ਖਰੀਦ ਸੀਜ਼ਨ ਨੂੰ ਯਕੀਨੀ ਬਣਾਇਆ - ਡਿਪਟੀ ਕਮਿਸ਼ਨਰ

● ਕਿਸਾਨਾਂ ਦੀ 100 ਫੀਸਦ ਉਪਜ ਖਰੀਦੀ, 99 ਫੀਸਦ ਫਸਲ ਦਾ ਭੁਗਤਾਨ ਵੀ ਕੀਤਾ: ਸੁਰਭੀ ਮਲਿਕ ● ਦੁਹਰਾਇਆ! ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪ੍ਰਸ਼ਾਸਨ ਕਿਸਾਨਾਂ ਨੂੰ ਸੁਚਾਰੂ ਤੇ ਨਿਰਵਿਘਨ ਖਰੀਦ ਸੀਜ਼ਨ ਨੂੰ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ

ਲੁਧਿਆਣਾ (ਸੁਖਚੈਨ ਮਹਿਰਾ) - ਕਣਕ ਦੀ 100 ਫੀਸਦੀ ਖਰੀਦ ਅਤੇ ਖਰੀਦੀ ਫਸਲ ਲਈ ਕਿਸਾਨਾਂ ਨੂੰ 99 ਫੀਸਦੀ ਅਦਾਇਗੀਆਂ ਪਹਿਲਾਂ ਹੀ ਕਰ ਦਿੱਤੀਆਂ ਗਈਆਂ ਹਨ, ਜਿਸ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਰੀਦ ਸੀਜ਼ਨ ਨੂੰ ਸੁਚਾਰੂ ਤੇ ਨਿਰਵਿਘਨ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਜ਼ਿਲ੍ਹਾ ਲੁਧਿਆਣਾ ਵਿੱਚ, ਖਰੀਦ ਏਜੰਸੀਆਂ ਵਲੋਂ ਅਨਾਜ ਮੰਡੀਆਂ/ਖਰੀਦ ਕੇਂਦਰਾਂ ਤੋਂ 8.06 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ ਜੋ ਕਿ ਆਮਦ ਹੋਈ ਫਸਲ ਦਾ ਲਗਭਗ 99.99 ਪ੍ਰਤੀਸ਼ਤ ਹੈ। ਪਿਛਲੇ 72 ਘੰਟਿਆਂ ਵਿੱਚ ਖਰੀਦ ਏਜੰਸੀਆਂ ਵਲੋਂ 92 ਫੀਸਦੀ ਸਟਾਕ ਦੀ ਲਿਫਟਿੰਗ ਕਰ ਲਈ ਹੈ ਅਤੇ ਇਸ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾ ਰਹੀ ਹੈ ਕਿਉਂਕਿ ਅਧਿਕਾਰੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਨਾ ਵਰਤਣ ਸਬੰਧੀ ਅਗਾਊਂ ਚਿਤਾਵਨੀ ਜਾਰੀ ਕਰ ਦਿੱਤੀ ਗਈ ਸੀ। ਇਸ ਤੋਂ ਇਲਾਵਾ ਪਿਛਲੇ 48 ਘੰਟਿਆਂ ਦੌਰਾਨ 1705.8 ਕਰੋੜ ਰੁਪਏ ਦੀਆਂ ਅਦਾਇਗੀਆਂ ਹੋਣੀਆਂ ਸਨ ਪਰ ਸਰਕਾਰ ਵਲੋਂ 1695.8 ਕਰੋੜ ਰੁਪਏ ਦੀ ਅਦਾਇਗੀ ਕਰ ਦਿੱਤੀ ਹੈ ਜੋ ਕਿ ਲਗਭਗ 99 ਫੀਸਦੀ ਬਣਦੀ ਹੈ। ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਦੁਹਰਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪ੍ਰਸ਼ਾਸਨ ਕਿਸਾਨਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਖਰੀਦ ਸੀਜ਼ਨ ਨੂੰ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਫਸਲ ਦੀ ਤੁਰੰਤ ਖਰੀਦ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਖਰੀਦਦਾਰ ਦੀ ਉਡੀਕ ਨਾ ਕਰਨੀ ਪਵੇ। ਡਿਪਟੀ ਕਮਿਸ਼ਨਰ ਮਲਿਕ ਨੇ ਕਿਹਾ ਕਿ ਕਣਕ ਸੀਜ਼ਨ ਦੌਰਾਨ ਅਨਾਜ ਮੰਡੀਆਂ/ਖਰੀਦ ਕੇਂਦਰਾਂ ਵਿੱਚ ਆਉਂਦੇ ਹੀ ਫਸਲ ਦੀ ਖਰੀਦ ਅਤੇ ਚੁਕਾਈ ਨੂੰ ਯਕੀਨੀ ਬਣਾਉਣ ਲਈ ਇੱਕ ਮਜ਼ਬੂਤ ਤੰਤਰ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੇ ਆਪਣੇ ਅਧਿਕਾਰ ਖੇਤਰ ਅਧੀਨ ਆਉਂਦੀਆਂ ਅਨਾਜ ਮੰਡੀਆਂ ਦਾ ਨਿਯਮਤ ਦੌਰਾ ਕੀਤਾ ਅਤੇ ਲਗਾਤਾਰ ਨਿਗਰਾਨੀ ਕਰਦਿਆਂ ਰੋਜ਼ਾਨਾ ਰਿਪੋਰਟ ਸੌਂਪੀ। ਉਨ੍ਹਾਂ ਕਿਹਾ ਕਿ ਕਣਕ ਦੀ ਖਰੀਦ, ਲਿਫਟਿੰਗ ਅਤੇ ਅਦਾਇਗੀ ਨੂੰ ਯਕੀਨੀ ਬਣਾਉਣ ਲਈ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਅਤੇ ਉਪਰਾਲੇ ਕੀਤੇ ਗਏ ਹਨ।

# ਖ਼ਾਲਸਾ ਸਕੂਲ ਵਿਖੇ ਐਨ ਸੀ ਸੀ ਕੈਡਿਟਾਂ ਦੀ ਭਰਤੀ ਹੋਈ



ਸ਼੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ ,ਰਾਜਿੰਦਰ ਧੀਮਾਨ) ਸਥਾਨਕ ਐਸ ਜੀ ਐਸ ਖ਼ਾਲਸਾ ਸੀ ਸੈ ਸਕੂਲ ਵਿੱਚ ਕਮਾਂਡਿੰਗ ਅਫ਼ਸਰ ਕਰਨਲ ਟੀ ਵਾਈ ਐਸ ਬੇਦੀ ਦੇ ਦਿਸ਼ਾ ਨਿਰਦੇਸ਼ਤਹਿਤ ਅਤੇ ਪ੍ਰਿੰਸੀਪਲ ਸੁਖਪਾਲ ਦੀ ਅਗਵਾਈ ਵਿੱਚ ਹੋਈ। ਇਸ ਬਾਰੇ ਜਾਣਕਾਰੀ ਦਿੰਦਿਆਂ ਚੀਫ਼ ਅਫ਼ਸਰ ਰਣਜੀਤਸਿੰਘ ਨੇ ਦੱਸਿਆ ਕਿ ਸਿਖਲਾਈ ਸਾਲ 2023 ਲਈ ਨਵੇਂ ਕੈਡਿਟਾਂ ਦੀ ਭਰਤੀ ਪ੍ਰਕ੍ਰਿਆ ਪੂਰੀ ਕੀਤੀ ਗਈ । ਉਹਨਾਂਦੱਸਿਆ ਕਿ ਪ੍ਰੀਜ਼ਾਇਡਿੰਗ ਅਫ਼ਸਰ ਫ਼ਸਟ ਅਫ਼ਸਰ ਬਰਜਿੰਦਰ ਸਿੰਘ ਮੌਜੂਦਗੀ ਵਿੱਚ ਇਹ ਭਰਤੀ ਕੀਤੀ ਗਈ। ਇਸਮੌਕੇ ਚਾਹਵਾਨ ਉਮੀਦਵਾਰਾਂ ਤੋਂ ਦੌੜ, ਡੰਡ, ਸਿਟ ਅਪਸ, ਬੀਮ ਅਤੇ ਲਿਖਤੀ ਟੈਸਟ ਲਿਆ ਗਿਆ। ਉਹਨਾਂ ਕਿਹਾ ਕਿ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਇਸ ਭਰਤੀ ਵਿੱਚ ਭਾਗ ਲਿਆ। ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਨੇਦੱਸਿਆ ਕਿ ਇਸ ਭਰਤੀ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਮੈਰਿਟ ਬਣਾਈ ਜਾਵੇਗੀ ਅਤੇ ਉਸ ਅਧਾਰ ਉੱਤੇ ਉਹਨਾਂ ਦੀ ਐਨ ਸੀ ਸੀ ਲਈ ਚੋਣ ਕੀਤੀ ਜਾਵੇਗੀ। ਭਰਤੀ ਦੀ ਸਾਰੀ ਪ੍ਰਕ੍ਰਿਆ ਨੂੰ ਸੂਬੇਦਾਰ ਹਰਜੀਤ ਸਿੰਘ ਅਤੇ ਹੌਲਦਾਰ ਗਿਰੀਸ਼ ਕੁਮਾਰ ਨੇ ਸੁਚਾਰੂ ਰੂਪ ਨਾਲ ਸਿਰੇ ਚੜ੍ਹਾਇਆ। ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਨੇ ਸਮੂਹ ਪ੍ਰਤੀਯੋਗੀਆਂ ਨੂੰ ਐਨ ਸੀਸੀ ਦੇ ਨਤੀਜੇ ਲਈ ਸ਼ੁੱਭਕਾਮਨਾਵਾਂ ਦਿੱਤੀਆਂ।



publisher/chief Editor
**Aman Mehra**
lok bani (news Paper)
lokbani08@gmail.com
www.lokbani.com
**mob:99155-94111**

**Head Office:**
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

# ਉੱਚ - ਸਿੱਖਿਆ ਚ ਬੁਲੰਦੀਆਂ ਨੂੰ ਛੂਹ ਰਿਹਾ ਦੀਨਾਨਗਰ ਦਾ ਸ਼ਾਤੀ ਦੇਵੀ ਕਾਲਜ, ਡਾ. ਰੀਨਾ ਤਲਵਾਰ

## ਕਾਲਜ ਵੱਲੋਂ ਫਾਦਰ ਲੈੱਸ ਬੇਟੀਆਂ ਦੀ 50 ਪ੍ਰਤੀਸ਼ਤ ਫੀਸ ਮਾਫ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ , ਦੀਨਾਨਗਰ, ਜ਼ਲ੍ਹਿਾ ਗੁਰਦਾਸਪੁਰ ਅਤੇ ਦੇਸ਼ ਦੀ ਮਿਆਰੀ ਯੂਨੀਵਰਸਿਟੀ , ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਇੱਕ ਸਿਰਮੌਰ ਸੰਸਥਾ ਹੈ, ਜੋ ਅਕਾਦਮਿਕ, ਖੋਜ, ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਦੇ ਖੇਤਰ ਵਿੱਚ ਲੰਮੇ ਸਮੇਂ ਤੋਂ ਆਪਣੀ ਕਾਬਲੀਅਤ ਦਾ ਲੋਹਾ ਮੰਨਵਾਉਂਦੀ ਆ ਰਹੀ ਹੈ। ਇਸ ਮਾਣਮੱਤੀ ਸੰਸਥਾ ਤੋਂ ਪੜਕੇ ਗਈਆਂ ਵਿਦਿਆਰਥਣਾਂ ਦੇਸ਼ਾਂ-ਵਿਦੇਸ਼ਾਂ ਵਿੱਚ ਅਪਣੀ ਕਾਬਲੀਅਤ ਮੁਤਾਬਕ ਵੱਖ-ਵੱਖ ਖੇਤਰਾਂ ਵਿੱਚ ਸਫਲਤਾ ਪੂਰਵਕ ਵਿਚਰ ਰਹੀਆਂ ਹਨ ਅਤੇ ਇਸ ਸੰਸਥਾ ਦਾ ਮਾਣ ਵਧਾ ਰਹੀਆਂ ਹਨ। ਇਹ ਸੰਸਥਾ ਇਸ ਖੇਤਰ ਦੀ ਸਿਰਫ ਲੜਕੀਆਂ ਦੀ ਅਜਿਹੀ ਸੰਸਥਾ ਹੈ, ਜਿਸ ਵਿੱਚ ਬੇਸ਼ੁੰਮਾਰ ਕੋਰਸ ਉਪਲੱਬਧ ਹਨ ਅਤੇ ਜਿੱਥੇ ਪੰਜਾਬ ਤੋਂ ਇਲਾਵਾ ਹਿਮਾਚਲ, ਹਰਿਆਣਾ ਅਤੇ ਜੰਮੂ ਕਸ਼ਮੀਰ ਦੀਆਂ ਲੜਕੀਆਂ ਵੀ ਸਿੱਖਿਆ ਪ੍ਰਾਪਤ ਕਰਦੀਆਂ ਹਨ ਕਿਉਂਕਿ ਇਸ ਸੰਸਥਾ ਵਿੱਚ ਆਧੁਨਿਕ ਸੁਵਿਧਾਵਾਂ ਵਾਲਾ ਹੋਸਟਲ ਹੈ। ਦੂਰ-ਦੁਰੇਡੇ ਥਾਂਵਾਂ ਤੋਂ ਅਉਣੂ ਵਾਲੀਆਂ ਲੜਕੀਆਂ ਵਾਸਤੇ ਬੱਸਾਂ ਦਾ ਵਿਸ਼ੇਸ਼



ਪ੍ਰਬੰਧ ਹੈ। ਅੰਡਰ-ਗਰੇਜੂਏਟ ਕੋਰਸਾਂ ਵਿੱਚ ਬੀ.ਏ (22ਸਬਜੈਕਟਸ), ਬੀ.ਏ (ਸੋਸ਼ਲ ਸਟੱਡੀਜ਼), ਬੀਐਸ. ( ਮੈਡੀਕਲ, ਨਾਨ ਮੈਡੀਕਲ, ਇਕਨੋਮਿਕਸ, ਕੰਪਿਊਟਰ ਸਾਇੰਸ, ਬਾਇਓ-ਟੈਂਕ, ਫੈਸ਼ਨ ਡਿਜਾਈਨਿੰਗ, ਇਨਰਮੇਸ਼ਨ ਟੈਕਨਾਲੋਜੀ), ਬੀ-ਵਾਕ ( ਸੌਫਟਵੇਅਰ ਡਿਵੈਲਪਮੈਂਟ, ਫਿਨਾਇਸਲ ਮਾਰਕੀਟ ਐਂਡ ਸਰਵਿਸਿਜ) ਇਸ ਵਰ੍ਹੇ ਤੋਂ ਬੀ-ਬਾਕ - ਈ-ਕਾਮਰਸ ਅਤੇ ਡਿਜੀਟਲ ਮਾਰਕੀਟਿੰਗ ਵੀ ਸ਼ੁਰੂ ਕੀਤੀ ਜਾ ਰਹੀ ਹੈ । ਪੋਸਟ ਗ੍ਰੈਜੂਏਟ ਕੋਰਸਾਂ ਵਿੱਚ ਅੰਮ.ਏ. ਪੰਜਾਬੀ, ਹਿੰਦੀ, ਅੰਗਰੇਜ਼ੀ, ਪੁਲਿਟੀਕਲ ਸਾਇੰਸ ਅਤੇ ਇਕਨਾਮਿਕਸ ਸਫ਼ਲਤਾਪੂਰਕ ਚੱਲ ਰਹੀ ਹੈ। ਐੱਮ.ਐੱਸ.ਸੀ - ਕੰਪਿਊਟਰ ਸਾਇੰਸ, ਇਨਫਰਮੇਸ਼ਨ ਟੈਕਨਾਲੋਜੀ ਅਤੇ ਫੈਸ਼ਨ ਡੀਜ਼ਾਈਨਿੰਗ ਤੋਂ ਇਲਾਵਾ ਯੂ.ਜੀ ਡਿਪਲੋਮਾ ਇਨ ਲਾਇਬ੍ਰੇਰੀ ਸਾਇੰਸ, ਕੌਸਮੈਟੋਲੋਜੀ, ਸਟਿਚਿੰਗ ਐਂਡ ਟੇਲਰਿੰਗ ਅਤੇ ਕੰਪਿਊਟਰ ਸਾਇੰਸ ਵੀ ਉਪਲੱਭਧ ਹੈ। ਪੀ.ਜੀ ਡਿਪਲੋਮਾ ਇਨ ਗਾਰਮੈਂਟਸ ਕੰਸਟਰਕਸ਼ਨ ਅਤੇ ਪੀ.ਜੀ.ਡੀ.ਸੀ. ਵੀ ਇਸ ਸੰਸਥਾ ਵਿੱਚ ਚੱਲ ਰਹੇ ਹਨ। +1, +2 ਆਰਟਸ, ਕਾਮਰਸ ਅਤੇ ਸਾਇੰਸ ਦੇ ਦਾਖ਼ਲੇ ਚੱਲ ਰਹੇ ਹਨ। ਇਸ ਸੰਸਥਾ ਨੂੰ ਇਸ ਵੇਲੇ ਪ੍ਰਿੰ: ਡਾ; ਰੀਨਾ ਤਲਵੜ , ਮੈਨੇਜਮੈਂਟ ਕਮੇਟੀ ਪ੍ਰੈਜ਼ੀਡੈਂਟ ਸਵਾਮੀ ਸਦਾਨੰਦ ਜੀ ਸਰਸਵਤੀ, ਸੈਕਟਰੀ ਸ੍ਰੀ ਧਰਮਇੰਦੂ ਜੀ ਗੁਪਤਾ ਅਤੇ ਸਮੂਹ ਮੈਂਬਰਜ਼ ਅਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਚਲਾ ਰਹੇ ਹਨ। ਇਸ ਸੰਸਥਾ ਵਿੱਚ ਮੈਰਿਟ ਵਿੱਚ ਆਉਣੂ ਵਾਲੀਆਂ ਵਿਦਿਆਰਥਣਾਂ ਨੂੰ ਕਾਲਜ ਵੱਲੋਂ ਵਿਸ਼ੇਸ਼ ਸਕਾਲਰਸ਼ਿਪ ਦਿੱਤੀ ਜਾਂਦੀ ਹੈ। ਸਪੋਰਟਸ ਵਿੱਚ ਨੈਸਨਲ ਲੈਵਲ ਦੀਆਂ ਖਿਡਾਰਨਾਂ ਦੀ 50 ਪ੍ਰਤੀਸ਼ਤ . ਅਤੇ ਇੰਟਰਨੈਸ਼ਨਲ ਲੈਵਲ ਦੀਆਂ ਖਿਡਾਰਨਾਂ ਦੀ 100 ਪ੍ਰਤੀਸ਼ਤ ਫ਼ੀਸ ਮਾਫ਼ ਕੀਤੀ ਜਾਂਦੀ ਹੈ। ਯੂਥ ਫੈਸਟੀਵਲ ਵਿਚ ਵਿਸ਼ੇਸ਼ ਪੁਜੀਸ਼ਨਾਂ ਹਾਸਲ ਕਰਨ ਵਾਲੀਆਂ ਕਲਾਕਾਰ ਵਿਦਿਆਰਥਣਾਂ ਨੂੰ ਵੀ ਫੀਸ ਵਿੱਚ ਵਿਸ਼ੇਸ਼ ਰਿਆਇਤ ਦਿੱਤੀ ਜਾਂਦੀ ਹੈ । ਜਿੱਥੇ ਐਸ.ਸੀ ਬੱਚੀਆਂ ਦੀ ਪੜ੍ਹਾਈ ਮੁਫ਼ਤ ਹੈ, ਉਥੇ ਫਾਦਰ ਲੈਸ ਬੱਚੀਆਂ ਦੀ 50 ਪ੍ਰਤੀਸ਼ਤ ਫੀਸ ਮੁਆਫ ਕੀਤੀ ਜਾਂਦੀ ਹੈ। ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਬੱਚੀਆਂ ਨੂੰ ਵੀ ਫ਼ੀਸ ਵਿੱਚ ਰਿਆਇਤ ਦਿੱਤੀ ਜਾਂਦੀ ਹੈ । ਸੰਸਕ੍ਰਿਤ ਭਾਸ਼ਾ ਨੂੰ ਸਬਜੈਕਟ ਵਜੋਂ ਪੜ੍ਹਨ ਵਾਲ਼ੀਆਂ ਵਿਦਿਆਰਥਣਾਂ ਨੂੰ 1500 ਰੁਪਏ ਦੀ ਸਕਾਲਰਸ਼ਿਪ ਦੀਨਾਨਗਰ ਮੱਠ ਵੱਲੋਂ ਦਿੱਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ ਇਲਾਵਾ ਐਜੂਕੇਟ ਪੰਜਾਬ ਪ੍ਰੋਜੈਕਟ, ਲੁਧਿਆਣਾ ਵੱਲੋਂ ਵੀ ਸਿੱਖੀ ਪ੍ਰਚਾਰ ਅਤੇ ਗੁਰਬਾਣੀ ਕੰਠ ਕਰਨ ਵਾਲੀਆਂ ਬੱਚੀਆਂ ਦੀ 75 ਫੀਸ ਇਸ ਸੰਸਥਾ ਵੱਲੋਂ ਦਿੱਤੀ ਜਾਂਦੀ ਹੈ। ਇਸ ਕਾਲਜ ਦਾ ਆਡੀਟੋਰੀਅਮ ਕਾਬਲੇ ਤਰੀਫ ਹੈ ਅਤੇ ਕਾਲਜ ਚ ਲੱਗੇ ਹਰੇ ਭਰੇ ਬੂਟੇ ਹਰੇਕ ਦਾ ਮਨ ਮੋਹ ਲੈਂਦੇਂ ਹਨ ।

# ਪਿੰਡ ਢਰ ਵਿੱਚ ਲਗਾਏ ਜਨ ਸੁਨਾਵੀਂ ਕੈਂਪ 'ਚ ਲੋਕਾਂ ਨੇ ਆਪਣੀਆਂ ਮੁਸ਼ਕਲਾਂ ਤੇ ਲੋੜਾਂ ਬਾਰੇ ਦੱਸਿਆ

## ਜ਼ਿਲ੍ਹਾ ਪ੍ਰਸ਼ਾਸਨ ਨੇ ਲੋਕ ਭਲਾਈ ਸਕੀਮਾਂ ਬਾਰੇ ਲੋਕਾਂ ਨੂੰ ਕੀਤਾ ਜਾਗਰੂਕ

ਸ਼੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ , ਰਾਜਿੰਦਰ ਧੀਮਾਨ) ਪੰਜਾਬ ਸਰਕਾਰ ਵੱਲੋਂ ਪਿੰਡ ਪੱਧਰ ਉੱਤੇ ਜਨ ਸੁਣਵਾਈ ਕੈਂਪ ਲਗਾ ਕੇ ਲੋਕਾਂ ਦੀਆਂ ਮੁਸ਼ਕਲਾਂ ਦੇ ਨਿਪਟਾਰੇ ਅਤੇ ਮੌਕੇ ਉੱਤੇ ਹੀ ਵੱਖੋ-ਵੱਖ ਲੋਕ ਭਲਾਈ ਸਕੀਮਾਂ ਦਾ ਲਾਭ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਢਰੂ ਵਿਖੇ ਲਗਾਏ ਕੈਂਪ ਵਿੱਚ ਪਿੰਡ ਢਰੂ, ਬੀਕਾਪੁਰ ਉੱਪਰਲਾ ਅਤੇ ਬੀਕਾਪੁਰ ਹੇਠਲਾ ਦੇ ਲੋਕਾਂ ਨੇ ਆਪਣੀਆਂ ਮੁਸ਼ਕਲਾਂ ਅਤੇ ਜ਼ਰੂਰਤਾਂ ਬਾਰੇ ਦੱਸਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਹਰਜੋਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਜ਼ਲ੍ਹਿਾ ਪ੍ਰਸ਼ਾਸਨ ਵੱਲੋਂ ਪਿੰਡਾਂ ਦੀਆਂ ਬਰੂਹਾਂ ਉੱਤੇ ਹੀ ਲੰਬਿਤ ਪਏ ਮਾਮਲਿਆਂ ਦੇ ਹੱਲ ਕਰਨ ਲਈ ਇਹ ਕੈਂਪ ਜ਼ਲ੍ਹਿ ਵਿੱਚ ਲਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ ਵਿਚ ਪਿੰਡਾਂ ਦੇ ਵਿਕਾਸ ਨਾਲ ਜੁੜੇ ਕਾਰਜ ਅਤੇ ਹਰ ਪੱਧਰ ਦੇ ਮਸਲੇ ਹੱਲ ਕੀਤੇ ਜਾਂਦੇ ਹਨ ਜਿਸ ਨਾਲ ਆਮ ਲੋਕਾਂ ਨੂੰ ਉਨ੍ਹਾਂ ਦੇ ਘਰਾਂ



ਦੇ ਨੇੜੇ ਹੀ ਰਾਹਤ ਮਿਲ ਰਹੀ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਵੱਖ-ਵੱਖ ਵਿਭਾਗਾਂ ਦੇ ਇਕ ਥਾਂ ਮੌਜੂਦ ਹੋਣ ਨਾਲ ਪਿੰਡਾਂ ਵਿਚ ਜ਼ਮੀਨੀ ਪੱਧਰ ਉਤੇ ਲੋਕਾਂ ਦੀ ਸਮੱਸਿਆਵਾਂ ਦਾ ਪਤਾ ਲਗਦਾ ਹੈ ਅਤੇ ਇਸ ਨਾਲ ਇਨ੍ਹਾਂ ਦਾ ਹੱਲ ਵੀ ਯਕੀਨੀ ਕੀਤਾ ਜਾਵੇਗਾ। ਜ਼ਲ੍ਹਿਾ ਰੂਪਨਗਰ ਵਿੱਚ ਅਜਿਹੇ ਕੈਂਪ ਲਗਾਤਰ ਲਗਦੇ ਰਹਿਣਗੇ, ਜਿਨ੍ਹਾਂ ਸਦਕਾ ਲੋਕਾਂ ਦੇ ਕੰਮ ਨਿਸ਼ਚਿਤ ਸਮੇਂ ਅੰਦਰ ਹੋ ਜਾਇਆ ਕਰਨਗੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਇਸ ਕੈਂਪ ਦੌਰਾਨ ਪਿੰਡ ਢਰੂ ਤੋਂ ਸਰਪੰਚ ਸ. ਸੁਖਦੇਵ ਸਿੰਘ ਨੇ ਪਿੰਡ ਵਿੱਚ ਸਿੰਚਾਈ ਦੇ ਲਈ ਨਹਿਰੀ ਪਾਣੀ ਮੁਹੱਈਆਂ ਕਰਵਾਉਣ, ਪੀਣ ਵਾਲੇ ਪਾਣੀ ਦੀ ਸਮੱਸਿਆ, ਪਿੰਡ ਵਿੱਚ ਸਟਰੀਟ ਲਾਈਟਾਂ ਲਗਾਉਣ, ਬਾਸੋਵਾਲ ਤੋਂ ਢਰੂ ਤੱਕ ਸੜਕ ਦੀ ਮੁਰੰਮਤ ਅਤੇ ਚੌੜੀ ਕਰਨ ਦੀ ਮੰਗ, ਪ੍ਰਾਇਮਰੀ ਸਕੂਲ਼ ਨੂੰ ਅੱਪਗਰੇਡ ਕਰਨ ਦੀਆਂ ਮੰਗਾਂ ਰੱਖੀਆਂ। ਬੀਕਾਪੁਰ ਹੇਠਲਾ ਦੀ ਸਰਪੰਚ ਅਨੁਰਾਧਾ ਨੇ ਨਹਿਰੀ ਪਾਣੀ ਦੇ ਨਾਲੇ ਨੂੰ ਪੱਕਾ ਕਰਨ, ਪਸ਼ੂ ਡਿਸਪੈਂਸਰੀ ਬਣਾਉਣ, ਪੰਚਾਇਤੀ ਰਕਬੇ ਦੀ ਨਿਸ਼ਾਨਦੇਹੀ ਕਰਾਉਣ ਇਸ ਕੈਂਪ ਵਿਚ ਪੈਨਸ਼ਨ, ਨੀਲੇ ਕਾਰਡ ਬਣਾਉਣ ਸੰਬੰਧੀ, ਪਿੰਡ ਵਿੱਚ ਸੋਲਰ ਲਾਈਟਾਂ ਲਗਾਉਣ, ਬਿਜਲੀ ਵਿਭਾਗ, ਕਿਰਤ ਵਿਭਾਗ ਨਾਲ ਸਬੰਧਤ ਮੁਸ਼ਕਲਾਂ ਅਤੇ ਮਾਮਲਿਆਂ ਬਾਰੇ ਸਬੰਧਤ ਵਿਭਾਗਾਂ ਨੂੰ ਤੁਰੰਤ ਕਾਰਵਾਈ ਕਰਕੇ ਹੱਲ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ। ਜਨ ਸੁਨਾਵੀਂ ਕੈਂਪ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਿਆ। ਇਸ ਕੈਂਪ ਦਾ ਪਿੰਡ ਧਰੂ ਦੇ ਲੋਕਾਂ ਦੇ ਨਾਲ-ਨਾਲ ਆਲ਼ੇ ਦੁਆਲੇ ਦੇ ਹੋਰਨਾਂ ਪਿੰਡਾਂ ਦੇ ਲੋਕਾਂ ਨੇ ਵੀ ਲਾਭ ਲਿਆ। ਇਸ ਮੌਕੇ ਵੱਖ-ਵੱਖ ਵਿਭਾਗਾਂ ਵੱਲੋਂ ਲੋਕਾਂ ਨੂੰ ਲੋਕ ਭਲਾਈ ਸਕੀਮਾਂ ਬਾਰੇ ਜਾਗਰੂਕ ਵੀ ਕੀਤਾ ਗਿਆ।

# ਡਿਪਸ ਵਿਚ ਮਹਾਨ ਸੰਗੀਤਕਾਰ ਅਤੇ ਲੇਖਕ ਰਬਿੰਦਰਨਾਥ ਟੈਗੋਰ ਦੀ ਜੀਵਨੀ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ

ਜਲੰਧਰ (ਰਾਕੇਸ਼ ਵਰਮਾ) ਵਿਸ਼ਵ ਪ੍ਰਸਿੱਧ ਕਵੀ, ਸੰਗੀਤਕਾਰ, ਗੀਤਕਾਰ, ਕਹਾਣੀਕਾਰ, ਚਿੱਤਰਕਾਰ ਰਬਿੰਦਰਨਾਥ ਟੈਗੋਰ ਦੇ ਜਨਮ ਦਿਨ 'ਤੇ ਡਿਪਸ ਸਕੂਲ ਲੱਖਣ ਕੇ ਪੱਡੇ ਵਿਖੇ ਪ੍ਰੋਗਰਾਮ ਕਰਵਾਇਆ ਗਿਆ . ਇਸ ਦੌਰਾਨ ਬੱਚਿਆਂ ਨੇ ਆਪਣੇ ਡਰਾਇੰਗ ਦੇ ਹੁਨਰ ਦਾ ਪ੍ਰਦਰਸ਼ਨ ਕਰਦਿਆਂ ਬਹੁਤ ਹੀ ਸੁੰਦਰ ਪੋਸਟਰ ਬਣਾਏ ਅਤੇ ਰਾਬਿੰਦਰ ਨਾਥ ਜੀ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਲਿਖਿਆ। ਕਵਿਤਾ ਉਚਾਰਨ ਦੌਰਾਨ ਬੱਚਿਆਂ ਵੱਲੋਂ ਲਿਖੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਪੀਪੀਟੀ ਰਾਹੀਂ ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਭਾਰਤ ਦਾ ਰਾਸ਼ਟਰੀ ਗੀਤ ਜਨ-ਗਣ-ਮਨ ਅਤੇ ਬੰਗਲਾਦੇਸ਼ ਦਾ ਰਾਸ਼ਟਰੀ ਗੀਤ ਅਮਰ ਸੋਨਾਰ ਬੰਗਲਾ ਉਨ੍ਹਾਂ ਦਾ ਯੋਗਦਾਨ ਹੈ। ਉਨ੍ਹਾਂ ਨੇ ਆਪਣੇ ਜੀਵਨ ਵਿੱਚ ਲਗਭਗ 2230 ਗੀਤਾਂ ਦੀ ਰਚਨਾ ਕੀਤੀ। ਉਨ੍ਹਾਂ ਦੇ ਕੰਮਾ ਲਈ ਉਨ੍ਹਾਂ ਨੂੰ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ।
ਮਾਨਵਵਾਦੀ ਸੋਚ ਵਾਲਾ ਇਹ ਵਿਅਕਤੀ ਕੁਦਰਤ ਦੇ ਨੇੜੇ ਰਹਿਣਾ ਪਸੰਦ ਕਰਦਾ ਸੀ, ਇਸ ਲਈ ਉਸਨੇ ਸ਼ਾਂਤੀਨਿਕੇਤਨ ਦੀ ਸਥਾਪਨਾ ਕੀਤੀ। ਪ੍ਰਿੰਸੀਪਲ ਸੁਸ਼ਮਾ ਚਾਵਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਰਾਬਿੰਦਰਨਾਥ ਦੇ ਵਿਚਾਰਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਸਿੱਖਿਆ ਦਾ ਮੁੱਖ ਉਦੇਸ਼ ਸਮਝਾਉਣਾ ਨਹੀਂ ਸਗੋਂ ਮਨ ਦੇ ਦਰਵਾਜ਼ੇ 'ਤੇ ਦਸਤਕ ਦੇਣਾ ਹੈ। ਉੱਚ ਸਿੱਖਿਆ ਉਹ ਨਹੀਂ ਹੈ ਜੋ ਸਾਨੂੰ ਸਿਰਫ਼ ਜਾਣਕਾਰੀ ਦਿੰਦੀ ਹੈ, ਸਗੋਂ ਸਾਡੇ ਜੀਵਨ ਨੂੰ ਸਫ਼ਲਤਾ ਦਾ ਨਵਾਂ ਪਹਿਲੂ ਦਿੰਦੀ ਹੈ। ਇਸ ਲਈ ਸਾਨੂੰ ਸਿੱਖਿਆ ਰਾਹੀਂ ਆਪਣੇ ਜੀਵਨ ਨੂੰ ਨਵੇਂ ਪੱਧਰ 'ਤੇ ਲੈ ਕੇ ਜਾਣਾ ਚਾਹੀਦਾ ਹੈ। ਡਿਪਸ ਚੇਨ ਦੇ ਐਮਡੀ ਸਰਦਾਰ ਤਰਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਆਪਣੀਆਂ ਗਲਤੀਆਂ 'ਤੇ ਦਰਵਾਜ਼ੇ ਬੰਦ ਨਹੀਂ ਕਰਨੇ ਚਾਹੀਦੇ ਸਗੋਂ ਸੱਚਾਈ ਦਾ ਇਮਾਨਦਾਰੀ ਨਾਲ ਸਾਹਮਣਾ ਕਰਨਾ ਚਾਹੀਦਾ ਹੈ।



# ਮਾਂ ਦਿਵਸ ਮੌਕੇ ਰਾਜਪਾਲ ਨੇ ਚੁਣੌਤੀਆਂ ਦਾ ਟਾਕਰਾ ਕਰਨ ਵਾਲੀਆਂ 10 ਮਾਵਾਂ ਨੂੰ ਕੀਤਾ ਸਨਮਾਨਿਤ

- ਮਾਨਵ ਮੰਗਲ ਸਮਾਰਟ ਸਕੂਲ ਅਤੇ ਡਾ.ਜੀ.ਸੀ ਮਿਸ਼ਰਾ ਮੈਮੋਰੀਅਲ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ ਵੱਲੋਂ 11ਵਾਂ ਮਾਂ ਸਨਮਾਨ ਸਮਾਗਮ ਕਰਵਾਇਆ ਗਿਆ।
- ਮੋਹਾਲੀ ਦੀ ਰੇਣੂ ਕੱਕੜ ਨੂੰ ਮਿਲਿਆ ਮਦਰ ਆਫ ਦਿ ਈਅਰ ਦਾ ਐਵਾਰਡ, ਭਾਰਤੀ ਟੀਮ ਦੇ ਗੇਂਦਬਾਜ਼ ਅਰਸ਼ਦੀਪ ਸਿੰਘ ਦੀ ਮਾਂ ਨੂੰ ਵੀ ਮਿਲਿਆ ਸਨਅਮਾਨ





ਮੋਹਾਲੀ (ਰੀਤਿਸ਼ ਕੁਮਾਰ) ਸੰਘਰਸ਼ ਦੇ ਰਾਹ 'ਤੇ ਚੱਲਦਿਆਂ ਜ਼ੰਦਿਗੀ 'ਚ ਹਰ ਚੁਣੌਤੀ ਦਾ ਦ੍ਰਿੜਤਾ ਨਾਲ ਸਾਹਮਣਾ ਕਰ ਕੇ ਆਪਣੇ ਬੱਚਿਆਂ ਨੂੰ ਮੰਜ਼ਲਿ 'ਤੇ ਪਹੁੰਚਾਉਣ ਵਾਲੀਆਂ 10 ਮਾਵਾਂ ਨੂੰ ਵੀਰਵਾਰ ਨੂੰ ਮਾਂ ਸਨਮਾਨ ਸਮਾਰੋਹ 'ਚ ਸਨਮਾਨਿਤ ਕੀਤਾ ਗਿਆ। ਮਾਨਵ ਮੰਗਲ ਸਮਾਰਟ ਸਕੂਲ, ਮੋਹਾਲੀ ਅਤੇ ਡਾ.ਜੀ.ਸੀ ਮਿਸ਼ਰਾ ਮੈਮੋਰੀਅਲ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ ਵੱਲੋਂ ਸਕੂਲ ਦੇ ਆਡੀਟੋਰੀਅਮ ਵਿੱਚ ਮਾਂ ਦਿਵਸ ਮੌਕੇ 11ਵਾਂ ਮਾਂ ਸਨਮਾਨ ਸਮਾਗਮ ਕਰਵਾਇਆ ਗਿਆ। ਇਸ ਸਨਮਾਨ ਸਮਾਰੋਹ ਵਿੱਚ ਜਦੋਂ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਚੰਡੀਗੜ੍ਹ ਦੇ ਮੇਅਰ ਅਨੂਪ ਗੁਪਤਾ ਦੀ ਮੌਜੂਦਗੀ ਵਿੱਚ ਸੰਘਰਸ਼ਸ਼ੀਲ ਮਾਵਾਂ ਦਾ ਸਨਮਾਨ ਕੀਤਾ ਤਾਂ ਉਨ੍ਹਾਂ ਦੇ ਸੰਘਰਸ਼ ਦੀ ਕਹਾਣੀ ਸੁਣ ਕੇ ਆਡੀਟੋਰੀਅਮ ਵਿੱਚ ਬੈਠੇ ਹਰ ਕਿਸੇ ਦੀਆਂ ਅੱਖਾਂ ਨਮ ਹੋ ਗਈਆਂ। ਸਮਾਗਮ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ।
ਇਸ ਮੌਕੇ ਮਾਨਵ ਮੰਗਲ ਸਮਾਰਟ ਸਕੂਲ ਦੇ ਵਿਦਿਆਰਥੀਆਂ ਨੇ ਰੰਗਾਰੰਗ ਪੇਸ਼ਕਾਰੀ ਦਿੱਤੀ। ਇਸ ਭਾਵਪੂਰਤ ਪੇਸ਼ਕਾਰੀ ਨੇ ਆਡੀਟੋਰੀਅਮ ਵਿੱਚ ਬੈਠੇ ਹਰ ਕਿਸੇ ਦੀਆਂ ਅੱਖਾਂ ਵਿੱਚ ਹੰਝੂ ਲਿਆ ਦਿੱਤੇ। ਸਮਾਗਮ ਵਿੱਚ ਟ੍ਰਾਈਸਿਟੀ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਦੀਆਂ ਅਜਿਹੀਆਂ ਮਾਵਾਂ ਨੂੰ ਵੀ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਨੇ ਚੁਣੌਤੀਆਂ ਤੋਂ ਲੋਹਾ ਲੈਂਦਿਆਂ ਆਪਣੇ ਬਲਬੂਤੇ ਜ਼ਿੰਦਗੀ ਜਿਊਣ ਦੀ ਹਿੰਮਤ ਰੱਖੀ। ਇਹ ਮਾਵਾਂ ਹੀ ਹਨ, ਜਿਨ੍ਹਾਂ ਨੇ ਮੁਸ਼ਕਿਲਾਂ ਦਾ ਸਾਹਮਣਾ ਕਰਦਿਆਂ ਬਹਾਦਰੀ ਨਾਲ ਹਰ ਰੁਕਾਵਟ ਨੂੰ ਪਾਰ ਕੀਤਾ ਅਤੇ ਆਪਣੇ ਬੱਚਿਆਂ ਦੇ ਸੁਪਨੇ ਸਾਕਾਰ ਕੀਤੇ। ਇਨ੍ਹਾਂ ਸਾਰੀਆਂ ਮਾਵਾਂ ਦੇ ਸੰਘਰਸ਼ ਦੀਆਂ ਵੱਖਰੀਆਂ ਕਹਾਣੀਆਂ ਹਨ। ਕੁਝ ਨੇ ਆਪਣੇ ਪਤੀ ਦੀ ਮੌਤ ਤੋਂ ਬਾਅਦ ਹਿੰਮਤ ਨਾ ਹਾਰਦੇ ਆਪਣੇ ਬੱਚਿਆਂ ਦੇ ਸੁਪਨੇ ਪੂਰੇ ਕੀਤੇ, ਜਦੋਂ ਕਿ ਕੁਝ ਨੇ ਆਪਣੇ ਬੱਚਿਆਂ ਨੂੰ ਪ੍ਰਤੀਕੂਲ ਹਾਲਾਤਾਂ ਵਿੱਚ ਉਤਸ਼ਾਹਿਤ ਕੀਤਾ ਤਾਂ ਜੋ ਉਹ ਹਰ ਕਿਸੇ ਨੂੰ ਆਪਣੀ ਕਾਬਲੀਅਤ ਦਿਖਾ ਸਕਣ। ਇਸ ਮੌਕੇ ਸਨਮਾਨਿਤ ਕੀਤੀਆਂ ਮਾਵਾਂ ਵਿੱਚ ਚੰਡੀਗੜ੍ਹ ਦੀ ਸਰੋਜ ਕੁਮਾਰੀ, ਪੰਚਕੂਲਾ ਦੀ ਰਾਣੀ ਗੁਪਤਾ, ਮੁਹਾਲੀ ਦੀ ਬੀਨਾ ਜੋਸ਼ੀ, ਚੰਡੀਗੜ੍ਹ ਦੀ ਇੰਦੂ ਲਤਾ ਦੇਵੀ, ਮੋਗਾ ਦੀ ਕੁਲਵੰਤ ਕੌਰ ਸੰਧੂ, ਚੰਡੀਗੜ੍ਹ ਦੀ ਹਰਜਿੰਦਰ ਕੌਰ, ਅੰਬਾਲਾ ਦੀ ਰਾਜ ਕੁਮਾਰੀ ਅਤੇ ਚੰਡੀਗੜ੍ਹ ਦੀ ਅਨੀਤਾ ਕੁਮਾਰੀ ਸ਼ਾਮਲ ਸਨ। ਸਮਾਗਮ ਵਿੱਚ ਸੱਤਵਾਂ ਮਦਰ ਆਫ਼ ਦਾ ਈਅਰ ਐਵਾਰਡ ਮੁਹਾਲੀ ਦੀ ਰੇਣੂ ਕੱਕੜ ਨੂੰ ਦਿੱਤਾ ਗਿਆ। ਮੋਹਾਲੀ ਦੀ ਸੰਤ ਕਬੀਰ ਫਾਊਂਡੇਸ਼ਨ ਦੀ ਡਾਇਰੈਕਟਰ ਰੇਣੂ ਕੱਕੜ 15 ਮਾਨਸਿਕ ਤੌਰ 'ਤੇ ਕਮਜ਼ੋਰ ਬੱਚਿਆਂ ਦੀ ਮਾਂ ਹੈ, ਜਿਨ੍ਹਾਂ ਦੀ ਪੂਰੀ ਜ਼ੰਮਿੇਵਾਰੀ ਉਹ ਸੰਭਾਲ ਰਹੀ ਹੈ। ਇਸ ਦੇ ਨਾਲ ਹੀ ਭਾਰਤੀ ਕ੍ਰਿਕਟ ਟੀਮ ਦੇ ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਅਤੇ ਆਈ.ਪੀ.ਐੱਲ ਸੀਜ਼ਨ 'ਚ ਪੰਜਾਬ ਕਿੰਗਜ਼ ਲਈ ਖੇਡ ਰਹੇ ਹਨ ਦੀ ਮਾਤਾ ਬਲਜੀਤ ਕੌਰ ਵਾਸੀ ਖਰੜ ਨੂੰ ਵੀ ਅਪਣੇ ਬੇਟੇ ਨੂੰ ਇਸ ਮੁਕਾਮ ਤੇ ਪਹੁੰਚਾਣ ਲਈ ਸਨਮਾਨਿਤ ਕੀਤਾ ਗਿਆ .ਇਸ ਮੌਕੇ ਰਾਜਪਾਲ ਨੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਚਾਹੇ ਕਿੰਨੀ ਵੀ ਉੱਚਾਈ 'ਤੇ ਪਹੁੰਚ ਜਾਣ ਪਰ ਉਹ ਆਪਣੀ ਮਾਂ ਨੂੰ ਹਮੇਸ਼ਾ ਯਾਦ ਰੱਖਣ . ਇਸ ਦੌਰਾਨ ਰਾਜਪਾਲ ਨੇ ਆਪਣੀ ਮਾਂ ਦੇ ਸੰਘਰਸ਼ ਨੂੰ ਯਾਦ ਕੀਤਾ ਕਿ ਕਿਵੇਂ ਉਨ੍ਹਾਂ ਦੀ ਮਾਂ ਨੇ ਆਪਣੇ ਪਿਤਾ ਦੀ ਮੌਤ ਤੋਂ ਬਾਅਦ ਸੰਘਰਸ਼ ਕੀਤਾ ਸੀ। ਸਮਾਗਮ ਵਿੱਚ ਸਨਮਾਨਿਤ ਕੀਤੀਆਂ ਗਈਆਂ ਮਾਵਾਂ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਰਾਜਪਾਲ ਨੇ ਕਿਹਾ ਕਿ ਉਹ ਇਨ੍ਹਾਂ ਮਾਵਾਂ ਦੇ ਸੰਘਰਸ਼ ਨੂੰ ਸਲਾਮ ਕਰਦੇ ਹਨ। ਸਮਾਗਮ ਵਿੱਚ ਮਾਨਵ ਮੰਗਲ ਗਰੁੱਪ ਆਫ਼ ਸਕੂਲਜ਼ ਦੇ ਡਾਇਰੈਕਟਰ ਸੰਜੇ ਸਰਦਾਨਾ, ਮਾਨਵ ਮੰਗਲ ਗਰੁੱਪ ਆਫ਼ ਸਕੂਲਜ਼ ਦੇ ਐਸੋਸੀਏਟ ਡਾਇਰੈਕਟਰ ਸੰਕਲਪ ਸਰਦਾਨਾ, ਡਾ.ਜੀ.ਸੀ ਮਿਸ਼ਰਾ ਮੈਮੋਰੀਅਲ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਮਯੰਕ ਮਿਸ਼ਰਾ ਵੀ ਹਾਜ਼ਰ ਸਨ। ਮਾਂ ਸਨਮਾਨ ਸਮਾਰੋਹ ਵਿੱਚ ਮੰਚ ਸੰਚਾਲਨ ਉਮਾ ਮਹਾਜਨ ਨੇ ਕੀਤਾ। ਚੇਤੇ ਰਹੇ ਕਿ ਡਾ.ਜੀ.ਸੀ ਮਿਸ਼ਰਾ ਮੈਮੋਰੀਅਲ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ ਮਾਨਵ ਮੰਗਲ ਸਮਾਰਟ ਸਕੂਲ ਦੇ ਨਾਲ 11 ਸਾਲਾਂ ਤੋਂ ਮਾਂ ਦਿਵਸ 'ਤੇ ਸਨਮਾਨ ਸਮਾਰੋਹ ਦਾ ਆਯੋਜਨ ਕਰ ਰਿਹਾ ਹੈ। ਡਾ: ਮਿਸ਼ਰਾ ਪੀਯੂ ਤੋਂ ਸੇਵਾਮੁਕਤ ਹੋ ਗਏ ਸਨ, ਉਨ੍ਹਾਂ ਦੀ ਯਾਦ ਵਿੱਚ ਇਹ ਟਰੱਸਟ ਉਨ੍ਹਾਂ ਦੇ ਪੁੱਤਰ ਮਯੰਕ ਮਿਸ਼ਰਾ ਨੇ ਬਣਾਇਆ ਸੀ।

# ਮੁਫ਼ਤ ਹੈਲਥ ਚੈੱਕਅਪ ਕੈਂਪ 14 ਨੂੰ

ਲੁਧਿਆਣਾ (ਕਰਨੈਲ ਸਿੰਘ ਐੱਮ ਏ ). ਬਾਲਾ ਜੀ ਕੁਲੈਕਸ਼ਨ ਸੈਂਟਰ ਬੀ- 31/1140, ਨੇੜੇ ਵੀਰ ਪੈਲੇਸ, ਗਲੀ ਨੰਬਰ 3, ਗੁਰੂ ਤੇਗ ਬਹਾਦਰ ਨਗਰ ਵੱਲੋਂ ਵੀਰ ਪੈਲੇਸ ਚੰਡੀਗੜ੍ਹ ਰੋਡ ਵਿਖੇ 14 ਮਈ ਦਿਨ ਐਤਵਾਰ ਨੂੰ ਸਵੇਰੇ ਸਾਢੇ ਸੱਤ ਵਜੇ ਤੋਂ ਦੁਪਹਿਰ ਡੇਢ ਵਜੇ ਤੱਕ ਮੁਫ਼ਤ ਹੈਲਥ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ । ਕੈਂਪ ਦਾ ਉਦਘਾਟਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਕਰਨੈਲ ਸਿੰਘ ਜੀ ਕਰਨਗੇ। ਕੈਂਪ ਵਿੱਚ ਹੀਮੋਗਲੋਬਿਨ , ਸੂਗਰ , ਬਲੱਡ ਪਰੈਸ਼ਰ, ਕੋਲੈਸਟ੍ਰੋਲ , ਟੀ3,,ਟੀ4 ਚੈੱਕ ਕੀਤੇ ਜਾਣਗੇ। 199 ਰੁਪਏ ਵਿੱਚ ਲੀਪਡ ਪ੍ਰੋਫਾਈਲ, ਐਚ ਬੀ ਏ 1ਸੀ , ਥਾਇਰਾਇਡ ਪ੍ਰੋਫਾਈਲ ਕੀਤੇ ਜਾਣਗੇ। ਇਸ ਤੋਂ ਇਲਾਵਾ ਵਿਟਾਮਿਨ ਡੀ 699 ਰੁਪਏ, ਥਾਇਰਾਇਡ (ਟੀ ਐਸ ਐਚ)99 ਰੁਪਏ ਤੇ ਡਾਇਬਟੀਜ਼ (ਐਫ ਬੀ ਐਸ ਅਤੇ ਪੀ ਪੀ)ਵੀ 99 ਰੁਪਏ ਵਿੱਚ ਕੀਤੇ ਜਾ ਸਕਣਗੇ। ਡਾਕਟਰ ਵੀ ਐਸ ਸੰਧੂ ਐਮ ਬੀ ਬੀ ਐਸ ਐਮ ਈ ਐਮ ਐਸ ਪੀ ਐਸ ਹਸਪਤਾਲ ਲੁਧਿਆਣਾ ਵਾਲੇ ਚੈੱਕਅਪ ਕਰਨਗੇ। ਲੋੜਵੰਦ ਲਾਭ ਉਠਾਉ।

# ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਮ੍ਰਿਤਕ ਹਰਮਿੰਦਰ ਸਿੰਘ ਦੇ ਪਰਿਵਾਰ ਨਾਲ ਦੁੱਖ ਪ੍ਰਗਟਾਇਆ

ਕੀਰਤਪੁਰ ਸਾਹਿਬ (ਭਰਤਗੜ੍ਹ) (ਰਾਜਿੰਦਰ ਧੀਮਾਨ, ਜੋਗਿੰਦਰ ਰਾਣਾ ) ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਦੇ ਪਿੰਡ ਅਵਾਨਕੋਟ ਦੇ ਮ੍ਰਿਤਕ ਹਰਮਿੰਦਰ ਸਿੰਘ ਦੇ ਪਰਿਵਾਰ ਨਾਲ ਦੁੱਖ ਪ੍ਰਗਟਾਇਆ ਹੈ ਅਤੇ ਪਰਿਵਾਰ ਦੀ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ ਹੈ। ਅੱਜ ਸ.ਹਰਜੋਤ ਸਿੰਘ ਬੈਂਸ ਪਿੰਡ ਅਵਾਨਕੋਟ ਵਿੱਚ ਗਰੀਬ ਦਾਸ ਦੇ ਘਰ ਪਹੁੰਚੇ ਜਿਨ੍ਹਾਂ ਦੇ ਪੁੱਤਰ ਹਰਮਿੰਦਰ ਸਿੰਘ ਦਾ ਬੀਤੇ ਦਿਨ ਆਲੋਵਾਲ ਵਿਖੇ ਅਚਾਨਕ ਮੌਤ ਹੋ ਗਈ ਸੀ। ਕੈਬਨਿਟ ਮੰਤਰੀ ਨੇ ਕਿਹਾ



ਕਿ ਉਨ੍ਹਾਂ ਨੂੰ ਪਰਿਵਾਰ ਨਾਲ ਪੂਰੀ ਹਮਦਰਦੀ ਹੈ ਅਤੇ ਉਹ ਉਨ੍ਹਾਂ ਦੀ ਹਰ ਸੰਭਵ ਮੱਦਦ ਕਰਨਗੇ। ਉਨ੍ਹਾਂ ਨੇ ਕਿਹਾ ਕਿ ਅਜਿਹੇ ਦੁੱਖਦ ਹਾਦਸਿਆ ਨਾਲ ਅਚਾਨਕ ਹੋਣ ਵਾਲੇ ਜਾਨੀ ਨੁਕਸਾਨ ਦਾ ਬੇਹੱਦ ਅਫਸੋਸ ਹੈ। ਇਸ ਮੌਕੇ ਉਨ੍ਹਾਂ ਦੇ



ਨਾਲ ਡਾ.ਸੰਜੀਵ ਗੌਤਮ, ਮੀਡੀਆ ਕੋਆਰਡੀਨੇਟਰ ਦੀਪਕ ਸੋਨੀ, ਜੁਝਾਰ ਸਿੰਘ ਆਸਪੁਰ, ਸਤਨਾਮ ਸਿੰਘ, ਹਰਵਿੰ- ਦਰ ਕੌਰ, ਤਰਲੋਚਨ ਸਿੰਘ, ਹਰਵਿੰਦਰ ਸਿੰਘ, ਗੁਰਚਰਨ ਸਿੰਘ, ਸੈਕਟਰੀ ਹਰਦੀਪ ਸਿੰਘ ਆਦਿ ਹਾਜ਼ਰ ਸਨ।

## ਆਈ.ਵੀ.ਵਾਈ ਹਸਪਤਾਲ ਨਵਾਂਸ਼ਹਿਰ ਨੇ 247 ਬਾਲ ਚਿਕਿਤਸਕ ਅਤੇ ਨਿਓਨੇਟਲ ਕੇਅਰ ਸੇਵਾਵਾਂ ਦੀ ਸੁ੍ਰੂਆਤ ਕੀਤੀ

ਨਵਾਂਸ਼ਹਿਰ (ਲੋਕ ਬਾਣੀ) ਆਈ.ਵੀ.ਵਾਈ ਹਸਪਤਾਲ ਨਵਾਂਸ਼ਹਿਰ ਨੇ ਵੀਰਵਾਰ ਨੂੰ ਬਾਲ ਚਿਕਿਤਸਕ ਅਤੇ ਨਵਜੰਮੇ ਬੱਚਿਆਂ ਦੀ ਦੇਖਭਾਲ ਲਈ ਵਿਸ਼ੇਸ਼ ਸਮਰਪਿਤ ਸੇਵਾਵਾਂ ਸ਼ੁਰੂ ਕਰਨ ਦਾ ਐਲਾਨ ਕੀਤਾ। ਸੇਵਾਵਾਂ ਨੂੰ ਇੱਕ ਅਤਿ-ਆਧੁਨਿਕ ਨਿਓਨੇਟਲ ਇੰਟੈਂਸਿਵ ਕੇਅਰ ਯੂਨਿਟ ਅਤੇ ਉੱਚ ਯੋਗਤਾ ਪ੍ਰਾਪਤ ਸਟਾਫ ਦੁਆਰਾ ਸਪੋਰਟਕੀਤਾ ਜਾਵੇਗਾ। ਕੰਸਲਟੈਂਟ ਪੀਡੀਆਟ੍ਰਿਕ ਡਾ. ਮਮਤਾ ਨੇ ਕਿਹਾ ਕਿ ਆਈ.ਵੀ.ਵਾਈ ਹਸਪਤਾਲ ਵਿਖੇ ਪੀਡੀਆਟ੍ਰਿਕ ਸੇਵਾਵਾਂ ਹਮੇਸ਼ਾ ਹੀ ਉੱਤਮਤਾ ਦਾ ਕੇਂਦਰ ਰਹੀਆਂ ਹਨ ਜਿੱਥੇ ਮਰੀਜਾਂ ਦਾ ਬਹੁਤ ਧਿਆਨ ਨਾਲ ਇਲਾਜ ਕੀਤਾ ਜਾਂਦਾ ਹੈ। ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨ ਲਈ, ਬਾਲ ਚਿਕਿਤਸਕ ਅਤੇ ਨਿਓਨੇਟਲ ਕੇਅਰ ਵਿਭਾਗ ਮਰੀਜ਼ਾਂ ਨੂੰ 31 ਮਈ ਤੱਕ ਮੁਫਤ ਓਪੀਡੀ ਸਲਾਹ ਸੇਵਾਵਾਂ ਪ੍ਰਦਾਨ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਵਿਭਾਗ ਵੈਂਟੀਲੇਟਰ, ਸੀਪੀਏਪੀ, ਬੇਬੀ ਵਾਰਮਰ ਅਤੇ 24*7 ਲੈਬਾਰਟਰੀ ਬੈਕਅੱਪ ਵਰਗੀਆਂ ਆਧੁਨਿਕ ਉਪਕਰਨਾਂ ਅਤੇ ਸਹੂਲਤਾਂ



ਨਾਲ ਲੈਸ ਹੈ, ਜੋ ਮਰੀਜ਼ਾਂ ਨੂੰ 24 ਘੰਟੇ ਸੇਵਾਵਾਂ ਯਕੀਨੀ ਬਣਾਉਣਗੇ। ਇਸ ਦੌਰਾਨ ਆਈ.ਵੀ.ਵਾਈ ਹਸਪਤਾਲ ਨਵਾਂਸ਼ਹਿਰ ਨੇ 1000 ਤੋਂ ਵੱਧ ਨਵਜੰਮੇ ਬੱਚਿਆਂ ਦਾ ਸਫਲਤਾਪੂਰਵਕ ਇਲਾਜ ਕੀਤਾ ਹੈ, ਜਿਸ ਵਿੱਚ ਬਹੁਤ ਘੱਟ ਭਾਰ ਵਾਲੇ ਬੱਚਿਆਂ ਨੂੰ ਬਚਾਉਣਾ ਵੀ ਸ਼ਾਮਲ ਹੈ। ਬਾਲ ਚਿਕਿਤਸਕ ਅਤੇ ਨਿਓਨੇਟਲ ਕੇਅਰ ਡਿਪਾਰਟਮੈਂਟ ਹੋਰ ਸੇਵਾਵਾਂ ਅਤੇ ਪ੍ਰਕਿਰਿਆਵਾਂ ਦੇ ਨਾਲ-ਨਾਲ ਟੀਕਾਕਰਨ, ਐਕਸਚੇਂਜ ਟ੍ਰਾਂਸਫਿਊਜ਼ਨ ਅਤੇ ਨਾਭੀਨਾਲ ਕੈਥੀਟਰਾਈਜ਼ੇਸ਼ਨ ਵੀ ਪ੍ਰਦਾਨ ਕਰਦਾ ਹੈ।

## ਡੀ.ਬੀ.ਈ.ਈ. ਲੁਧਿਆਣਾ ਵਿਖੇ ਰੋਜ਼ਗਾਰ ਮੇਲਾ/ਪਲੇਸਮੈਂਟ ਕੈਂਪ ਦਾ ਆਯੋਜਨ ਭਲਕੇ

ਲੁਧਿਆਣਾ (ਸੁਖਚੈਨ ਮਹਿਰਾ) - ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੌਜ਼ਗਾਰ ਤਹਿਤ, ਡੀ.ਬੀ.ਈ.ਈ. ਲੁਧਿਆਣਾ ਵਿਖੇ ਭਲਕੇ 12 ਮਈ ਦਿਨ ਸ਼ੁੱਕਰਵਾਰ ਨੂੰ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸਦਾ ਸਮਾਂ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਸੀ.ਈ.ਓ. ਜਿਲ੍ਹਾ ਰੌਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਲੁਧਿਆਣਾ ਸ਼੍ਰੀ ਅਮਿਤ ਕੁਮਾਰ ਪੰਚਾਲ (ਆਈ.ਏ.ਐਸ.) ਵੱਲੋ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਲਕੇ ਲੱਗਣ ਵਾਲੇ ਕੈਂਪ ਵਿੱਚ ਵੱਖ-ਵੱਖ ਨਾਮੀ ਕੰਪਨੀਆਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਵਿੱਚ NIIT, ICICI, LIC, Star Health,Quess, Jana Small Finance Bank ਆਦਿ ਸ਼ਾਮਲ ਹਨ। ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਦੋਨੋ ਭਾਗ ਲੈ ਸਕਦੇ ਹਨ ਜਿਨ੍ਹਾਂ ਦੀ ਉਮਰ 18 ਤੋਂ 35 ਸਾਲ ਹੋਵੇ ਅਤੇ ਘੱਟ ਤੋਂ ਘੱਟ ਯੋਗਤਾ 12ਵੀਂ, ਆਈ.ਟੀ.ਆਈ., ਡਿਪਲੋਮਾ ਹੋਲਡਰ ਅਤੇ ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ), ਪੋਸਟ ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ) ਪਾਸ ਕੀਤਾ ਹੋਵੇ। ਡੀ.ਬੀ.ਈ.ਈ. ਲੁਧਿਆਣਾ ਦੇ ਡਿਪਟੀ ਡਾਇਰੈਕਟਰ ਸ਼੍ਰੀਮਤੀ ਮਿਨਾਕਸ਼ੀ ਸ਼ਰਮਾ ਵੱਲੋਂ ਉਮੀਦਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਗਿਆ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ ਅਤੇ ਇਸ ਇੰਟਰਵਿਊ ਲਈ ਆਪਣਾ ਬਾਇਓ ਡਾਟਾ (3 ਫੋਟੋ ਕਾਪੀਆਂ) ਨਾਲ ਲੈ ਕੇ ਰੋਜ਼ਗਾਰ ਮੇਲੇ 'ਚ ਸ਼ਮੂਲੀਅਤ ਕਰਨ। ਡੀ.ਬੀ.ਈ.ਈ. ਦੇ ਰੋਜ਼ਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਅਫਸਰ ਮਿਸ ਸੁਖਮਨ ਮਾਨ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਉਮੀਦਵਾਰ ਆਪਣਾ ਨਾਮ ਮੈਨੁਅਲ ਰਜਿਸਟਰ ਅਤੇ NCS ਪੋਰਟਲ 'ਤੇ ਆਨਲਾਈਨ ਕਰਵਾਉਣਾ ਚਾਹੁੰਦੇ ਹਨ ਤਾਂ ਵਿਦਿਅਕ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਅਤੇ ਇਹਨਾਂ ਦੀਆਂ ਫੋਟੋ ਕਾਪੀਆਂ ਨਾਲ ਲਿਆਉਣ। ਵਧੇਰੇ ਜਾਣਕਾਰੀ ਲਈ ਇਸ ਦਫਤਰ ਦੇ ਹੈਲਪਲਾਈਨ ਨੰ: 77400-01682 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਗੈਸ ਲੀਕ ਘਟਨਾ ਦੀ ਹੋਵੇ ਮੈਜਿਸਟ੍ਰੇਟ ਜਾਂਚ :-ਭਾਜਪਾ ਆਗੂ

ਨੰਗਲ (ਜੋਗਿੰਦਰ ਰਾਣਾ ਰਜਿੰਦਰ ਧੀਮਾਨ) ਪੰਜਾਬ ਵਿਚ ਮਿੰਨੀ ਚੰਡੀਗੜ ਵਜੋਂ ਜਾਣੇ ਜਾਂਦੇ ਨੰਗਲ ਡੈਮ ਵਿਖੇ ਗੈਸ ਲੀਕ ਦੀ ਘਟਨਾ ਨੇ ਚਾਰੇ ਪਾਸੇ ਦਹਿਸ਼ਤ ਦਾ ਮਹੌਲ ਬਣਾ ਦਿੱਤਾ, ਹਿਮਾਚਲ ਤੇ ਸ਼ਿਵਾਲਿਕ ਦੀ ਗੋਦ ਵਿਚ ਵਸੇ ਇਸ ਸ਼ਹਿਰ ਵਿੱਚ ਕਈ ਰਾਜਾਂ ਦੇ ਲੋਕ ਨੌਕਰੀ ਤੇ ਹੋਰ ਪੇਸ਼ਾ ਕਰਦੇ ਹਨ ,ਹਰੇ ਭਰੇ ਅਤੇ ਕਈ ਬਿਜਲੀ ਪ੍ਰਾਜੈਕਟਾਂ ਨੂੰ ਜਨਮ ਦੇਣ ਵਾਲਾ ਇਹ ਸ਼ਹਿਰ ਸੁੰਦਰਤਾ ਵਜੋਂ ਵੀ ਜਾਣਿਆ ਜਾਂਦਾ ਹੈ ਇਹੋ ਨਹੀਂ ਨੰਗਲ ਚ ਲੱਗੀਆਂ ਕਈ ਵੱਡੀਆਂ ਫੈਕਟਰੀਆਂ ਵੀ ਦੇਸ਼ ਪੱਧਰ ਤੇ ਜਾਣੀਆਂ ਜਾਂਦੀਆਂ ਹਨ ਇਸ ਸ਼ਹਿਰ ਵਿਚ ਗੈਸ ਲੀਕ ਦੀ ਘਟਨਾ ਨੇ ਇਕ ਵਾਰ ਫੇਰ ਭੁਪਾਲ ਗੈਸ ਕਾਂਡ ਦੀ ਯਾਦ ਕਰਾ ਦਿੱਤੀ ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਦੇ ਸੂਬਾ ਸਪੋਕਸਮੈਨ ਜਤਿੰਦਰ ਸਿੰਘ ਅਠਵਾਲ, ਭਾਜਪਾ ਬੁੱਧੀਜੀਵੀ ਸੈਲ ਪੰਜਾਬ ਦੇ ਕਨਵੀਨਰ ਐਡਵੋਕੇਟ ਰਾਕੇਸ਼ ਮੜ੍ਹਕਨ ਵੱਲੋਂ ਪੱਤਰਕਾਰਾਂ ਨੂੰ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕੀਤਾ ਉਕਤ ਭਾਜਪਾ ਨੇਤਾਵਾਂ ਨੇ ਕਿਹਾ ਕਿ ਨੰਗਲ ਸ਼ਹਿਰ ਵਿਚ ਗੈਸ ਲੀਕ ਦੀ ਘਟਨਾ ਬਹੁਤ ਹੀ ਚਿੰਤਾਜਨਕ ਹੈ ਅਤੇ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਘੱਟੋ ਘੱਟ ਮੈਜਿਸਟ੍ਰੇਟ ਪੱਧਰ ਦੀ ਜਾਂਚ ਦੀ ਮੰਗ ਕਰਦਿਆਂ



ਉਕਤਾਵਾਂ ਨੇਤਾਵਾਂ ਨੇ ਕਿਹਾ ਅੱਜ ਦੀ ਘਟਨਾ ਨੇ ਇਹ ਸਿੱਧ ਕਰ ਦਿੱਤਾ ਹੈ ਕੇ ਨੰਗਲ ਸ਼ਹਿਰ ਵਾਸੀ ਵੀ ਸੁਰੱਖਿਅਤ ਨਹੀਂ ਹਨ ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਇਸ ਸਬੰਧੀ ਸੰਖਿਆਂਨ ਲੈਣਾ ਚਾਹੀਦਾ ਹੈ ਤੇ ਦੋਸ਼ੀਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ ਉਨ੍ਹਾਂ ਇਸ ਗੱਲ ਦੀ ਮੰਗ ਵੀ ਕੀਤੀ ਹੈ ਕਿ ਗੈਸ ਲੀਕ ਘਟਨਾ ਕਿੱਥੋਂ ਵਾਪਰੀ ਜਨਤਕ ਕੀਤੀ ਜਾਵੇ ਤੇ ਲੋਕਾ ਦੀ ਜਾਨ-ਮਾਲ ਦੀ ਹਿਫ਼ਾਜ਼ਤ ਕੀਤੀ ਜਾਵੇ ਉਨ੍ਹਾਂ ਕਿਹਾ



ਕਿ ਅੱਜ ਬਹੁਤ ਵੱਡਾ ਨੁਕਸਾਨ ਹੋ ਸਕਦਾ ਸੀ ਪਰ ਬਚਾਅ ਹੋ ਗਿਆ ਉਨ੍ਹਾਂ ਮੰਗ ਕੀਤੀ ਕਿ ਉਸ ਫੈਕਟਰੀ ਦਾ ਨਾਂ ਵੀ ਦੱਸਿਆ ਜਾਵੇ ਜਿੱਥੋਂ ਇਹ ਗੈਸ ਲੀਕ ਹੋਈ ਅਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇ ਉਨ੍ਹਾਂ ਬੀਤੇ ਦਿਨੀਂ ਲੁਧਿਆਣਾ ਵਿਖੇ ਵਾਪਰੀ ਗੈਸ ਲੀਕ ਦੀ ਘਟਨਾ ਦਾ ਜ਼ਕਿਰ ਕਰਦਿਆਂ ਕਿਹਾ ਕਿ ਉਹ ਹਾਦਸਾ ਅਜੇ ਤਕ ਭੁੱਲਿਆ ਨਹੀਂ ਸੀ ਨੰਗਲ ਵਿਚ ਇਕ ਹੋਰ ਵੱਡਾ ਹਾਦਸਾ ਹੋਣ ਤੋਂ ਬਚ ਗਿਆ ।

## ਦੁਨੀਆ 'ਚ ਜ਼ੱਚਾ-ਬੱਚਾ ਮੌਤ ਮਾਮਲੇ 'ਚ ਭਾਰਤ ਸਿਖ਼ਰ 'ਤੇ

ਕੇਪਟਾਊਨ। ਬੱਚੇ ਦੇ ਜਨਮ, ਮਰੇ ਹੋਏ ਬੱਚੇ ਜੰਮਣ ਅਤੇ ਨਵਜੰਮੇ ਬੱਚਿਆਂ ਦੀ ਮੌਤ ਹੋਣ ਦੇ ਵਿਸ਼ਵ ਭਰ ਵਿਚ 60 ਫੀਸਦੀ ਮਾਮਲੇ 10 ਦੇਸ਼ਾਂ ਵਿਚ ਹਨ ਤੇ ਭਾਰਤ ਦੀ ਸਥਿਤੀ ਸਭ ਤੋਂ ਖ਼ਰਾਬ ਹੈ। ਇਹ ਜਾਣਕਾਰੀ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਰਿਪੋਰਟ ਵਿੱਚ ਦਿੱਤੀ ਗਈ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਉਨ੍ਹਾਂ 10 ਦੇਸ਼ਾਂ ਦੀ ਸੂਚੀ ਵਿੱਚ ਵੀ ਸਿਖਰ 'ਤੇ ਹੈ ਜੋ ਵਿਸ਼ਵਵਿਆਪੀ ਬਾਲ ਜਨਮ ਵਿੱਚ 51 ਪ੍ਰਤੀਸ਼ਤ ਦਾ ਯੋਗਦਾਨ ਪਾਉਂਦਾ ਹੈ। ਇਨ੍ਹਾਂ ਅੰਕੜਿਆਂ ਅਨੁਸਾਰ 2020-2021 ਵਿਚ ਜਣੇਪੇ ਦੌਰਾਨ 2 ਲੱਖ 90 ਹਜ਼ਾਰ ਔਰਤਾਂ ਦੀ ਮੌਤ ਹੋਈ, 19 ਲੱਖ ਮਰੇ ਹੋਏ ਬੱਚੇ ਪੈਦਾ ਹੋਏ ਅਤੇ 23 ਲੱਖ ਨਵਜੰਮੇ ਬੱਚਿਆਂ ਦੀ ਮੌਤ ਹੋ ਗਈ।

# ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਨੰਗਲ ਸੰਭਾਵੀ ਗੈਸ ਲੀਕ ਮਾਮਲੇ ਦੇ ਦੋਸ਼ੀਆ ਵਿਰੁੱਧ ਸਖਤ ਕਾਰਵਾਈ ਦੇ ਆਦੇਸ਼ ਦਿੱਤੇ

● ਡਿਪਟੀ ਕਮਿਸ਼ਨਰ ਨੇ ਸਕੂਲਾਂ ਨੂੰ ਮੌਕੇ ਉਤੇ ਖਾਲੀ ਕਰਵਾਇਆ ● ਸੰਭਾਵੀ ਨੰਗਲ ਗੈਸ ਲੀਕ ਪ੍ਰਭਾਵਿਤ ਹੋਏ ਸਾਰੇ ਬੱਚੇ ਖਤਰੇ ਤੋਂ ਬਾਹਰ: ਸਿਵਲ ਸਰਜਨ






ਨੰਗਲ/ਸ੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ , ਰਾਜਿੰਦਰ ਧੀਮਾਨ) ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨਿਆ ਨੰਗਲ ਵਿਖੇ ਸੈਂਟ ਸੋਲਜਰ ਡੀਵਾਇਨ ਪਬਲਿਕ ਸਕੂਲ ਨਜ਼ਦੀਕ ਕਿਸੇ ਉਦਯੋਗਿਕ ਇਕਾਈ ਵਿਚ ਹੋਈ ਸੰਭਾਵੀ ਗੈਸ ਲੀਕ ਨਾਲ ਪ੍ਰਭਾਵਿਤ ਹੋਏ ਬੱਚਿਆਂ ਨੂੰ ਜਾ ਕੇ ਮਿਲੇ ਅਤੇ ਹਾਲ-ਚਾਲ ਪੁੱਛਿਆ।

ਨਿਆ ਨੰਗਲ ਵਿਖੇ ਕਿਸੇ ਉਦਯੋਗਿਕ ਇਕਾਈ ਤੋਂ ਸੰਭਾਵੀ ਗੈਸ ਲੀਕ ਹੋਣ ਦੇ ਮਾਮਲੇ ਦਾ ਪਤਾ ਲੱਗਣ ਉਪਰੰਤ ਸਿੱਖਿਆ ਮੰਤਰੀ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਸਮੇਤ ਉੱਚ ਅਧਿਕਾਰੀ ਮੌਕੇ ਉਤੇ ਪਹੁੰਚੇ ਅਤੇ ਸੈਂਟ ਸੋਲਜਰ ਸਕੂਲ ਦੇ 2684 ਵਿਦਿਆਰਥੀਆਂ ਅਤੇ ਸਟਾਫ਼ ਨੂੰ ਸੁਰੱਖਿਅਤ ਕੱਢ ਕੇ ਘਰ ਭੇਜਿਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆ ਸਿਵਲ ਸਰਜਨ ਡਾ. ਪਰਮਿੰਦਰ ਕੁਮਾਰ ਨੇ ਦੱਸਿਆ ਕਿ ਸਾਹ ਦੀ ਤਕਲੀਫ਼ ਤੋਂ ਪ੍ਰਭਾਵਿਤ ਬੱਚੇ ਹਸਪਤਾਲ ਵਿੱਚ ਜੇਰੇ ਇਲਾਜ ਹਨ ਅਤੇ ਖਤਰੇ ਤੋਂ ਬਾਹਰ ਹਨ, ਸਰਕਾਰੀ ਹਸਪਤਾਲ ਤੋਂ ਬੱਚੇ ਸਿਹਤਯਾਬ ਹੋਕੇ ਘਰ ਜਾ ਰਹੇ ਹਨ ਹੁਣ ਕੇਵਲ 6 ਬੱਚੇ ਹਸਪਤਾਲ ਵਿਚ ਹਨ ਜਿਨ੍ਹਾਂ ਨੂੰ ਜਲਦ ਛੁੱਟੀ ਦੇ ਦਿੱਤੀ ਜਾਵੇਗੀ। ਇਕ ਬੱਚੇ ਨੂੰ ਪੀ ਜੀ ਆਈ ਚੰਡੀਗੜ੍ਹ ਭੇਜਿਆ ਗਿਆ ਹੈ ਜਿਸ ਦੀ ਸਥਿਤੀ ਪੂਰੀ ਤਰ੍ਹਾਂ ਸਥਿਰ ਹੈ ਜੋ ਕਿ ਮਾਪਿਆਂ ਅਨੁਸਾਰ ਪਹਿਲਾਂ ਹੀ ਬਿਮਾਰ ਚੱਲ ਰਹੀ ਸੀ। ਉਨ੍ਹਾਂ ਦੱਸਿਆ ਕਿ ਘਟਨਾ ਦੀ ਸੂਚਨਾ ਮਿਲੀ ਤਾਂ ਐਸ ਐਮ ਓ ਨੰਗਲ ਨਰੇਸ਼ ਕੁਮਾਰ ਐਂਬੂਲੈਂਸ ਸਮੇਤ ਸਕੂਲ ਪਹੁੰਚੇ ਅਤੇ ਬੱਚਿਆਂ ਦੀ ਜਾਂਚ ਸ਼ੁਰੂ ਕੀਤੀ ਜਿਸ ਨਾਲ ਸਥਿਤੀ ਨੂੰ ਅਸੀਂ ਚੰਗੀ ਤਰ੍ਹਾਂ ਸਮਝ ਕੇ ਪ੍ਰਭਾਵਿਤ ਵਿਦਿਆਰਥੀਆਂ ਨੂੰ ਸਮੇਂ ਉੱਤੇ ਹਸਪਤਾਲ ਪਹੁੰਚਾਇਆ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵਲੋਂ ਘਟਨਾ ਵਾਲੇ ਮੌਕੇ ਉੱਤੇ ਜਾ ਕੇ ਇਲਾਜ ਸੇਵਾਵਾਂ ਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਅਤੇ ਤੁਰੰਤ ਪ੍ਰਭਾਵ ਨਾਲ ਇਲਾਕੇ ਦੇ ਸਾਰੇ ਸਕੂਲ ਖਾਲੀ ਕਰਨ ਦੇ ਹੁਕਮ ਦਿੱਤੇ ਗਏ। ਉਨ੍ਹਾਂ ਨਿਜੀ ਤੌਰ ਉਤੇ ਜਾ ਕੇ ਸਕੂਲ ਚੈੱਕ ਕੀਤੇ ਗਏ ਤਾਂ ਜੋ ਬੱਚਿਆਂ ਨੂੰ ਸੁਰੱਖਿਅਤ ਘਰਾਂ ਵਿੱਚ ਯਕੀਨੀ ਭੇਜਿਆ ਜਾਵੇ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਨਰੇਸ਼ ਕੁਮਾਰ ਨੇ ਮਾਪਿਆਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰੀ ਹਸਪਤਾਲ ਵਿਚ ਦਾਖਲ ਸਾਰੇ ਬੱਚੇ ਸੁਰੱਖਿਅਤ ਹਨ। ਹਸਪਤਾਲ ਵਿਚ ਐਂਬੂਲੈਂਸ ਅਤੇ ਸਿਹਤ ਸਹੂਲਤਾਂ ਦੇ ਪੁਖਤਾ ਪ੍ਰਬੰਧ ਹਨ ਜਿਸ ਦੀ ਨਿਗਰਾਨੀ ਕੈਬਨਿਟ ਮੰਤਰੀ ਹਰਜੋਤ ਬੈਂਸ ਖੁਦ ਕਰ ਰਹੇ ਹਨ। ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਐਸ ਡੀ ਐੱਮ ਸ੍ਰੀਮਤੀ ਮਨੀਸ਼ਾ ਰਾਣਾ ਨੇ ਦੱਸਿਆ ਕਿ ਇਲਾਕੇ ਵਿਚ ਕਿਸੇ ਤਰ੍ਹਾਂ ਦੀ ਗੈਸ ਜਾ ਬਦਬੂ ਨਹੀਂ ਹੈ ਅਤੇ ਪ੍ਰਸ਼ਾਸਨ ਵਲੋਂ ਸਖ਼ਤੀ ਨਾਲ ਜਾਂਚ ਕੀਤੀ ਜਾ ਰਹੀ ਹੈ ਕਿ ਘਟਨਾ ਦਾ ਕੀ ਕਾਰਣ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪੜਤਾਲ ਉਪਰੰਤ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਮੌਕੇ ਮੌਜੂਦ ਹਨ ਅਤੇ ਮਾਮਲੇ ਦੀ ਹਰ ਪਹਿਲੂ ਉੱਤੇ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਘਟਨਾ ਦਾ ਸਹੀ ਕਾਰਣ ਪਤਾ ਚਲ ਸਕੇ। ਜਿਲ੍ਹਾ ਪ੍ਰਸ਼ਾਸਨ ਵਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਅਫਵਾਹ ਉਤੇ ਵਿਸ਼ਵਾਸ਼ ਨਾ ਕਰਨ ਅਤੇ ਇਲਾਕੇ ਵਿਚ ਘਟਨਾ ਤੋਂ ਬਾਅਦ ਕੋਈ ਵੀ ਮਾਮਲਾ ਸਾਹਮਣੇ ਨਹੀਂ ਆਇਆ ਹੈ। ਇਸ ਮੌਕੇ ਘਟਨਾ ਦੀ ਸਥਿਤੀ ਨੂੰ ਕਾਬੂ ਕਰਨ ਲਈ ਜਿਲ੍ਹਾ ਪ੍ਰਸ਼ਾਸਨ ਨੇ ਅਧਿਕਾਰੀ ਵੱਡੀ ਗਿਣਤੀ ਵਿਚ ਮੌਜੂਦ ਸਨ ਅਤੇ ਜਿਨ੍ਹਾਂ ਸਥਿਤੀ ਨੂੰ ਮੁਸਤੈਦੀ ਨਾਲ ਕਾਬੂ ਕੀਤਾ ਗਿਆ। ਇਸ ਮੌਕੇ ਐਸ ਐਸ ਪੀ ਸ੍ਰੀ ਵਿਵੇਕ ਐਸ ਸੋਨੀ, ਐਸ.ਡੀ.ਐਮ ਮਨੀਸ਼ਾ ਰਾਣਾ, ਡੀ.ਐਸ.ਪੀ ਅਜੇ ਸਿੰਘ ਸਮੇਤ ਸੀਨੀਅਰ ਅਧਿਕਾਰੀ ਮੌਕੇ ਉਤੇ ਹਾਜ਼ਰ ਸਨ।

# ਬਲ਼ਦੀ ਭੱਠੀ 'ਚ ਸੁੱਟਿਆ ਸੁਪਰਵਾਇਜ਼ਰ, ਜ਼ਿੰਦਾ ਸੜਿਆ

ਡੇਰਾਬੱਸੀ। ਪੈਸਿਆਂ ਦੇ ਲੈਣ-ਦੇਣ ਤੇ ਗਾਲੀ-ਗਲੋਚ ਤੋਂ ਤੰਗ ਦੋ ਵਿਅਕਤੀਆਂ ਨੇ ਇੱਕ ਸੁਪਰਵਾਇਜ਼ਰ ਨੂੰ ਇੰਨੀ ਦਰਦਨਾਕ ਮੌਤ ਦਿੱਤੀ, ਜਿਸ ਨੂੰ ਸੁਣ ਕੇ ਹਰ ਕਿਸੇ ਦੇ ਰੌਂਗਟੇ ਖੜ੍ਹੇ ਹੋ ਜਾਣਗੇ। ਜੀ ਹਾਂ, ਮੋਹਾਲੀ ਜ਼ਿਲ੍ਹੇ ਦੇ ਲਾਲੜੂ ਸ਼ਹਿਰ ਵਿੱਚ ਵਾਪਰੀ ਇਸ ਘਟਨਾ ਦੌਰਾਨ ਦੋ ਵਿਅਕਤੀਆਂ ਨੇ ਗੁੱਸੇ ਵਿੱਚ ਇੱਕ ਸੁਪਰਵਾਇਜ਼ਰ ਨੂੰ 12 ਫੁੱਟ ਡੂੰਘੀ ਬਲਦੀ ਭੱਠੀ ਵਿੱਚ ਸੁੱਟ ਦਿੱਤਾ, ਜਿਸ ਕਾਰਨ ਤੜਪ-ਤੜਪ ਕੇ ਉਸ ਦੀ ਜਾਨ ਚਲੀ ਗਈ। ਕਈ ਵਾਰ ਗੁੱਸੇ ਵਿੱਚ ਵਿਅਕਤੀ ਇੰਨਾ ਖੌਫ਼ਨਾਕ ਕਦਮ ਚੁੱਕ ਦਿੰਦੇ ਨੇ ਕਿ ਬਾਅਦ ਵਿੱਚ ਉਨ੍ਹਾਂ ਨੂੰ ਪਛਤਾਉਣਾ ਪੈਂਦਾ ਹੈ। ਮੋਹਾਲੀ ਦੇ ਲਾਲੜੂ ਸ਼ਹਿਰ ਅਧੀਨ ਪੈਂਦੇ ਪਿੰਡ ਮਲਕਪੁਰ ਦੇ ਪੰਜਾਬ ਭੱਠੇ 'ਤੇ ਇਹ ਸਾਰੀ ਵਾਰਦਾਤ ਹੋਈ।



# ਚੇਤਨਾ ਨਸ਼ਾ ਵਿਰੋਧੀ ਲਹਿਰ ਸੌ ਫੀਸਦੀ ਹਾਜ਼ਰੀ ਵਾਲੇ ਵਿਦਿਆਰਥੀਆਂ ਸਨਮਾਨਿਤ




ਸ੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ , ਰਾਜਿੰਦਰ ਧੀਮਾਨ) ਅੱਜ ਸਰਕਾਰੀ ਕਾਲਜ ਮਹੈਣ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਿੰਸੀਪਲ ਸੀਮਾ ਦੀ ਅਗਵਾਈ ਵਿਚ ਚੇਤਨਾ ਨਸ਼ਾ ਵਿਰੋਧੀ ਲਹਿਰ ਦੁਆਰਾ ਬੀ.ਏ. ਭਾਗ ਦੂਜਾ ਦੇ ਵਿਦਿਆਰਥੀਆਂ ਲਈ ਸੌ ਫੀਸਦੀ ਹਾਜਰੀ ਪ੍ਰੋਗਰਾਮ ਕਰਵਾਇਆ ਗਿਆ। ਚੇਤਨਾ ਨਸ਼ਾ ਵਿਰੋਧੀ ਲਹਿਰ ਦੇ ਕਨਵੀਨਰ ਪ੍ਰੋ:ਵਿਪਨ ਕੁਮਾਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿਚ ਬੰਧਨਾ, ਈਸ਼ਾ ਕੁਮਾਰੀ, ਨੀਰਜ ਕੁਮਾਰੀ, ਪ੍ਰੀਤੀ, ਪ੍ਰਿਯਾ, ਰੀਆ ਅਤੇ ਸਨੇਹਾ ਨੂੰ ਸੌ ਫੀਸਦੀ ਹਾਜਰੀ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰੋ: ਵਿਪਨ ਕੁਮਾਰ ਨੇ ਕਿਹਾ ਕਿ ਸੌ ਫੀਸਦੀ ਹਾਜਰੀ ਅਵਾਰਡ ਲੈਣ ਲਈ ਵਿਦਿਆਰਥੀਆਂ ਨੇ ਚੰਗੀ ਸਿਹਤ, ਸਮੇਂ ਦੇ ਵਧੀਆ ਪ੍ਰਬੰਧ ਵਿਗਿਆਨ ਅਤੇ ਪੜ੍ਹਾਈ ਪ੍ਰਤੀ ਅਥਾਹ ਲਗਨ ਦਾ ਸਬੂਤ ਪੇਸ਼ ਕੀਤਾ ਹੈ, ਜਿਸ ਵਿੱਚ ਉਹਨਾਂ ਦੇ ਮਾਤਾ-ਪਿਤਾ ਅਤੇ ਪਰਿਵਾਰ ਦੀ ਅਣਥੱਕ ਮਿਹਨਤ ਵੀ ਸ਼ਾਮਲ ਹੈ। ਡਾਕਟਰ ਦਰਸ਼ਨਪਾਲ ਅਤੇ ਪ੍ਰੋ: ਬੋਬੀ ਨੇ ਕਿਹਾ ਕਿ ਸੌ ਫੀਸਦੀ ਹਾਜ਼ਰੀ ਨਾਲ ਵਿਦਿਆਰਥੀਆਂ ਨੂੰ ਵਿਸ਼ਿਆ ਦਾ ਡੂੰਘਾ ਗਿਆਨ ਪ੍ਰਾਪਤ ਹੁੰਦਾ ਹੈ, ਉਹਨਾਂ ਦੀ ਸਲਾਨਾ ਇਮਤਿਹਾਨ ਲਈ ਵਧੀਆ ਤਿਆਰੀ ਹੁੰਦੀ ਹੈ ਅਤੇ ਸੌ ਫੀਸਦੀ ਹਾਜਰੀ ਅਵਾਰਡ ਲੈਣ ਵਾਲੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੁਆਰਾ ਐਲਾਨੇ ਨਤੀਜੇ ਵਿਚ ਸ਼ਾਨਦਾਰ ਅੰਕ ਪ੍ਰਾਪਤ ਹੋਣ ਦੀ ਸੰਭਾਵਨਾ ਹੁੰਦੀ ਹੈ। ਪ੍ਰਿੰਸੀਪਲ ਸੀਮਾ ਨੇ ਵਿਦਿਆਰਥੀਆਂ ਦਾ ਪੜ੍ਹਾਈ ਵਿਚ ਸ਼ਾਨਦਾਰ ਪ੍ਰਦਰਸ਼ਨ, ਉਹਨਾਂ ਦੇ ਨਸ਼ਾ ਵਿਰੋਧੀ ਦ੍ਰਿੜ ਸੰਕਲਪ ਅਤੇ ਅਨੁਸ਼ਾਸਨ ਦੀ ਪ੍ਰਸੰਸਾ ਕਰਦੇ ਹੋਏ ਉਹਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਬੀ.ਏ. ਭਾਗ ਪਹਿਲੇ ਦੀ ਵਿਦਿਆਰਥੀ ਹਰਜੋਤ ਸਿੰਘ ਦਾ ਨਸ਼ਾ ਵਿਰੋਧੀ ਪ੍ਰਚਾਰ ਕਰਨ ਲਈ ਸਨਮਾਨ ਕੀਤਾ ਗਿਆ। ਇਸ ਮੌਕੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਲਾਇਬ੍ਰੇਰੀ ਅਟੈਂਡੇਂਟ ਅਸ਼ੋਕ ਕੁਮਾਰ ਦਾ ਯੋਗਦਾਨ ਸਲਾਘਾਯੋਗ ਸੀ।

# ਸ੍ਰੀ ਅਨੰਦਪੁਰ ਸਹਿਬ ਦੀਆਂ 12 ਅਨਾਜ ਮੰਡੀਆਂ ਵਿੱਚ ਕਣਕ ਦੀ ਨਿਰਵਿਘਨ ਖਰੀਦ ਤੇ ਚੁਕਾਈ ਜਾਰੀ-ਮਨੀਸ਼ਾ ਰਾਣਾ


● ਕਿਸਾਨਾਂ ਨੂੰ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਲਈ ਕਰ ਰਹੇ ਹਾਂ ਜਾਗਰੂਕ-ਸਕੱਤਰ ਮਾਰਕੀਟ ਕਮੇਟੀ
● ਪ੍ਰਸ਼ਾਸਨ ਦੇ ਅਧਿਕਾਰੀ ਨਿਰੰਤਰ ਕਰ ਰਹੇ ਹਨ ਖਰੀਦ ਪ੍ਰਬੰਧਾਂ ਦੀ ਨਿਗਰਾਨੀ



ਨੂਰਪੁਰ ਬੇਦੀ/ਸ੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ ,ਰਾਜਿੰਦਰ ਧੀਮਾਨ) ਉਪ ਮੰਡਲ ਸ੍ਰੀ ਅਨੰਦਪੁਰ ਸਾਹਿਬ ਦੀਆਂ 12 ਅਨਾਜ ਮੰਡੀਆਂ ਵਿਚ 52957 ਮੀਟ੍ਰਿਕ ਟਨ ਕਣਕ ਦੀ ਆਮਦ ਵਿੱਚੋਂ 44953 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ ਅਤੇ ਮੰਡੀਆਂ ਵਿੱਚੋਂ ਕਣਕ ਦੀ ਚੁਕਾਈ ਦਾ ਕੰਮ ਵੀ ਪੂਰੇ ਜ਼ੋਰਾਂ ਤੇ ਚੱਲ ਰਿਹਾ ਹੈ। ਸੁਖੇਮਾਜਰਾ ਅਨਾਜ ਮੰਡੀ ਵਿੱਚ ਅੱਜ 65 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ। ਇਹ ਜਾਣਕਾਰੀ ਮਨੀਸ਼ਾ ਰਾਣਾ ਆਈ.ਏ.ਐਸ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦਿੰਦੇ ਹੋਏ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਅਧੀਨ ਸਾਰੀਆ 12 ਅਨਾਜ ਮੰਡੀਆਂ ਵਿੱਚ ਅਗੰਮਪੁਰ, ਕੀਰਤਪੁਰ ਸਾਹਿਬ, ਤਖਤਗੜ੍ਹ, ਨੂਰਪੁਰ ਬੇਦੀ, ਨੰਗਲ, ਸੁਰੇਵਾਲ, ਅਬਿਆਣਾ, ਸੁਖੇਮਾਜਰਾ, ਡੂਮੇਵਾਲ, ਅਜੌਲੀ, ਕਲਵਾਂ,ਮਹੈਣ ਖਰੀਦ ਕੀਤੀ ਗਈ ਕਣਕ ਦੀ ਸਮੇਂ-ਸਿਰ ਲਿਫਟਿੰਗ ਕਰਵਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ ਰੂਪਨਗਰ ਡਾ.ਪ੍ਰੀਤੀ ਯਾਦਵ ਆਈ.ਏ.ਐਸ ਨਿਰੰਤਰ ਅਨਾਜ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਕੀਤੇ ਪ੍ਰਬੰਧਾਂ ਅਤੇ ਜਿਣਸ ਦੀ ਆਮਦ, ਲਿਫਟਿੰਗ ਤੇ ਅਦਾਇਗੀ ਦੀ ਲਗਾਤਾਰ ਨਿਗਰਾਨੀ ਕਰ ਰਹੇ ਹਨ। ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਦੇ ਸਕੱਤਰ ਸੁਰਿੰਦਰਪਾਲ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਣਕ ਦੇ ਨਾੜ ਜਾਂ ਰਹਿੰਦ-ਖੂੰਹਦ ਨੂੰ ਨਾ ਸਾੜ ਕੇ ਖੇਤਾਂ ਵਿਚ ਹੀ ਉਸਦਾ ਪ੍ਰਬੰਧਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਦਾ ਹੈ, ਉਥੇ ਜ਼ਮੀਨ ਦੀ ਉਪਜਾਊ ਸ਼ਕਤੀ ਘੱਟਣ ਦੇ ਨਾਲ-ਨਾਲ ਜ਼ਮੀਨ ਵਿਚਲੇ ਮਿੱਤਰ ਕੀੜੇ ਵੀ ਮਰ ਜਾਂਦੇ ਹਨ।

# ਕਵੀਰਾਜ ਡਾ.ਰਵਿੰਦਰ ਨਾਥ ਟੈਗੋਰ

ਡਾ.ਰਵਿੰਦਰ ਨਾਥ ਟੈਗੋਰ ਇੱਕ ਪ੍ਰਭਾਵਸ਼ਾਲੀ ਵਿਅਕਤੀ ਸਨ। ਰਵਿੰਦਰ ਨਾਥ ਟੈਗੋਰ ਇੱਕ ਮਹਾਨ ਦੇਸ਼ ਭਗਤ ਸਨ। ਉਨ੍ਹਾਂ ਨੂੰ ਮਾਤ -ਭੂਮੀ ਨਾਲ ਬਹੁਤ ਪਿਆਰ ਸੀ। ਉਨ੍ਹਾਂ "ਜਨ ਗਣ ਮਨ " ਕੌਮੀ ਗੀਤ ਰਵਿੰਦਰ ਨਾਥ ਟੈਗੋਰ ਦੀ ਅਦੁੱਤੀ ਰਚਨਾ ਕੀਤੀ। ਡਾ.ਰਵਿੰਦਰ ਨਾਥ ਟੈਗੋਰ ਨੂੰ ਭਾਰਤ ਦਾ ਕਵੀਰਾਜ ਕਿਹਾ ਜਾਂਦਾ ਹੈ। ਉਹ ਉੱਘੇ ਨਾਵਲਕਾਰ ਵੀ ਸਨ। ਡਾ.ਰਵਿੰਦਰ ਨਾਥ ਟੈਗੋਰ ਨੂੰ ਭਾਰਤ ਦੇ ਸੱਚੇ ਦੇਸ਼ ਭਗਤ ਹੋਣ ਦਾ ਮਾਣ ਪ੍ਰਾਪਤ ਹੈ। ਡਾ.ਰਵਿੰਦਰ ਨਾਥ ਟੈਗੋਰ ਮਹਾਂ ਰਿਸ਼ੀ ਦਵਿੰਦਰ ਨਾਥ ਠਾਕੁਰ ਦੇ ਪੁੱਤਰ ਸਨ। ਉਨ੍ਹਾਂ ਦੇ ਮਾਤਾ ਜੀ ਦਾ ਨਾਂ ਸ਼ਾਰਦਾ ਦੇਵੀ ਸੀ। ਉਨ੍ਹਾਂ ਦਾ ਜਨਮ 7 ਮਈ 1861 ਈ. ਨੂੰ ਜੋਗ ਸਾਂਕੋ' (ਸ਼ਹਿਰ) ਠਾਕਰ ਬਾੜੀ, ਕੋਲਕਾਤਾ ਵਿਖੇ ਹੋਇਆ। ਉਨ੍ਹਾਂ ਨੇ 12 ਸਾਲ ਦੀ ਉਮਰ ਵਿੱਚ 'ਪ੍ਰਿਥਵੀਰਾਜ ਪਰਾਜਯ 'ਨਾਮੀ ਨਾਟਕ ਲਿਖਿਆ ਸੀ। ਅੰਮ੍ਰਿਤ ਬਜ਼ਾਰ ਪੱਤ੍ਰਕਾ ਨੇ ਉਹਨਾਂ ਦੀ ਕਵਿਤਾ ਨੂੰ 1875ਈ.ਵਿੱਚ ਛਾਪਿਆ। ਰਵਿੰਦਰ ਨਾਥ ਟੈਗੋਰ ਦਾ ਵਿਆਹ 'ਮ੍ਰਿਨਾਲਿਨੀ ਦੇਵੀ' ਨਾਲ ਹੋਇਆ। ਰਾਵਿੰਦਰ ਨਾਥ ਟੈਗੋਰ 1898 ਈ: ਵਿੱਚ 'ਭਾਰਤੀ' ਮੈਗਜ਼ੀਨ ਦੇ ਸੰਪਾਦਕ ਬਣੇ। 1901 ਈ: ਵਿੱਚ 'ਬੰਗਦਰਸ਼ਨ' ਪੱਤ੍ਰਿਕਾ



ਦੀ ਸੰਪਾਦਨਾਂ ਕਵੀ ਟੈਗੋਰ ਨੇ ਕੀਤੀ।1912 ਈ: ਵਿੱਚ ਉਨ੍ਹਾਂ ਦੀ ਮਹਾਨ ਰਚਨਾ 'ਗੀਤਾਂਜਲੀ' ਛਪੀ ਜਿਸ ਨੂੰ 1913 ਈ: ਵਿੱਚ 'ਨੋਬਲ ਇਨਾਮ' ਪ੍ਰਾਪਤ ਹੋਇਆ। ਡਾ.ਰਵਿੰਦਰ ਨਾਥ ਟੈਗੋਰ ਨੇ ਸ਼ਾਮ ਦੇ ਗੀਤ', 'ਪ੍ਰਭਾਤ ਦੇ ਗੀਤ', 'ਤਸਵੀਰਾਂ ਦਾ ਰਾਗ', 'ਨਵਾਂ ਚੰਨ, 'ਪ੍ਰਾਰਥਨਾ', 'ਭੁੱਖੇ ਪੱਥਰ', 'ਤਾਰਾ', 'ਕਾਬਲੀ ਵਾਲਾ" ਜਿਹੀਆਂ ਪ੍ਰਸਿੱਧ ਰਚਨਾਵਾਂ ਲਿਖ ਕੇ ਸਾਹਿਤ ਜਗਤ ਵਿੱਚ ਹਿੱਸਾ ਪਾਇਆ। ਡਾ.ਰਵਿੰਦਰ ਨਾਥ ਟੈਗੋਰ ਨੇ 35 ਕਾਵਿ-ਸੰਗ੍ਰਹਿ, 50 ਲੇਖ ਸੰਗ੍ਰਹਿ, 40 ਨਾਟਕ, 11 ਕਹਾਣੀ ਸੰਗ੍ਰਹਿ ਲਿਖੇ। ਕਲਕੱਤਾ ਯੂਨੀਵਰਸਿਟੀ ਵੱਲੋਂ ਡੀ. ਲਿਟ ਦੀ ਉਪਾਧੀ ਦਿੱਤੀ ਗਈ। ਡਾ.ਰਵਿੰਦਰ ਨਾਥ ਟੈਗੋਰ ਨੇ 'ਬੰਗਾਲ ਦੀ ਵੰਡ 'ਦਾ ਕੱਟੜ ਵਿਰੋਧ ਕੀਤਾ। ਵਿਦਿਆਰਥੀਆਂ ਨੂੰ ਮੁਫ਼ਤ ਵਿਦਿਆ ਦੇਣ ਲਈ ਸੰਸਥਾ ਸਥਾਪਿਤ ਕੀਤੀ ਜਿਸਨੂੰ ਸ਼ਾਂਤੀ ਨਿਕੇਤਨ ਕਿਹਾ ਗਿਆ।

13 ਅਪ੍ਰੈਲ 1919 ਨੂੰ ਜਿਲ੍ਹਿਆਂ ਵਾਲੇ ਬਾਗ ਦਾ ਹੱਤਿਆ ਕਾਂਡ ਹੋਇਆ ਸੀ। ਜਦ ਪੰਜਾਬ ਵਿੱਚ ਹੋਏ ਅੱਤਿਚਾਰਾਂ ਦੀ ਖ਼ਬਰ ਦੂਸਰੇ ਹਿੱਸਿਆਂ ਵਿੱਚ ਪੁੱਜੀ ਤਾਂ ਸਾਰੇ ਭਾਰਤਵਰਸ਼ ਵਿੱਚ ਅਸਾਧਾਰਨ ਜੋਸ਼ ਫੈਲ ਗਿਆ। ਜਿਸ ਵਿੱਚ ਅਨੇਕਾਂ ਹੀ ਮਾਸੂਮ ਲੋਕ ਮਾਰੇ ਗਏ ਸਨ। ਡਾ.ਰਵਿੰਦਰ ਨਾਥ ਟੈਗੋਰ ਨੇ ਸਰਕਾਰ ਦੀ ਨੀਤੀ ਸੰਬੰਧੀ ਰੋਸ ਪ੍ਰਗਟ ਕਰਦਿਆਂ ਹੋਇਆ "ਜਿਲ੍ਹਿਆਂ ਵਾਲਾ ਬਾਗ ਹੱਤਿਆ ਕਾਂਡ 'ਦੇ ਸਮੇਂ ਆਪਣੀ ਨਾਈਟਹੁੱਡ 'ਸਰ ' ਦੀ ਉਪਾਧੀ (30 ਮਈ 1919 ਈ.)ਦਾ ਤਿਆਗ ਕਰ ਦਿੱਤਾ। ਇਸੇ ਕਰਕੇ ਮਹਾਤਮਾ ਗਾਂਧੀ ਜੀਡਾ.ਰਵਿੰਦਰ ਨਾਥ ਟੈਗੋਰ ਨੂੰ ਆਪਣਾ 'ਗੁਰੂਦੇਵ' ਕਹਿੰਦੇ ਸਨ। ਉਨ੍ਹਾਂ ਨੇ ਵਾਇਸਰਾਏ ਦੇ ਨਾਮ ਇੱਕ ਚਿੱਠੀ ਲਿਖੀ ਸੀ ਜਿਸ ਵਿੱਚ ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਉੱਤੇ ਸਰਕਾਰ ਦੇ ਅੱਤਿਆਚਾਰਾਂ ਦੀ ਸਖ਼ਤ ਨਿੰਦਾ ਕੀਤੀ ਸੀ। ਅੰਤ 7 ਅਗਸਤ 1941 ਈ. ਵਿਚ 80 ਸਾਲ ਦੀ ਉਮਰ ਵਿੱਚ ਡਾ.ਰਵਿੰਦਰ ਨਾਥ ਟੈਗੋਰ ਦਾ ਦੇਹਾਂਤ ਹੋ ਗਿਆ।

ਪ੍ਰੋ.ਗਗਨਦੀਪ ਕੌਰ
ਧਾਲੀਵਾਲ




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ ਮੋ:- 99155-94111

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। -ਸੰਪਾਦਕ

daily lok bani (punjabi) R.N.I. Punpun29016,2018 Editor,Owner,printer,Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, jalandhar (India), contect NO: 0181-2211009, fax : 2211009, Email Id: lokbani08@gmail.com